I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

ARJUN BIDHURI Advocate
CH. NO.536, Saket Courts
New Delhi-110017.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

ਰੰਜਿਸ਼ ਦੇ ਚੱਲਦਿਆਂ ਪੰਚਾਇਤ ਮੈਂਬਰ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ

ਮੋਗਾ 22 ਨਵੰਬਰ। ਥਾਣਾ ਬੱਧਨੀ ਕਲਾਂ ਅਧੀਨ ਪੈਂਦੇ ਪਿੰਡ ਰਾਉਕੇ ਕਲਾਂ ਵਿਖੇ ਪੁਰਾਣੀ ਰੰਜਿਸ਼ ਦੇ ਚੱਲਦਿਆਂ ਗੁਰਚਰਨ ਸਿੰਘ ਪੰਚਾਇਤ ਮੈਂਬਰ 'ਤੇ ਹਮਲਾ ਕਰਕੇ ਉਸ ਨੂੰ ਜ਼ਖ਼ਮੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜ਼ਖ਼ਮੀ ਨੂੰ ਇਲਾਜ ਲਈ ਹਸਪਤਾਲ ਵਿਚ ਦਾਖ਼ਲ ਕਰਵਾਉਣਾ ਪਿਆ। ਇਸ ਸਬੰ

ਕੁਝ ਕਹਿੰਦੀ ਐ ਤਸਵੀਰ...

• ਸੰਗੀਤਾ ਭੰਡਾਰੀ, ਲੁਧਿਆਣਾ।



ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੁਹਜ-ਸਵਾਦ ਦਾ ਨਮੂਨਾ ਕੌਮੀ ਪੱਤ੍ਰਿਕਾ ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।



• ਬੂਟਾ ਸਿੰਘ ਚੌਹਾਨ
98143-80749

ਮੁਰਦਾ ਬੋਲੇ ਕੱਫਣ ਪਾੜੇ

ਜੇ ਗ਼ਰੀਬੀ ਦੀ ਝੰਬੀ ਬੁੜੀ ਵਿਆਹ ਵਾਲ਼ੀ ਕੁੜੀ ਦੇ ਸਿਰ 'ਤੇ ਦਿੱਤੀ ਹੋਈ ਲਾਲ ਚੁੰਨੀ ਲਾਹ ਲੈਂਦੀ, ਅਸੀਂ ਤੁਰ ਆਉਣਾ ਸੀ। ਕੰਮ ਸਾਡਾ ਹੋ ਗਿਆ ਸੀ। ਵਿਆਹ ਵਾਲ਼ੀ ਕੁੜੀ ਦੇ ਸਿਰ 'ਤੇ ਲਾਲ ਚੁੰਨੀ ਦਿਵਾ ਕੇ ਉਹਦੀ ਬੁੱਕਲ਼ ’ਚ ਪਰਾਤ 'ਚ ਭਾਂਡੇ ਤੇ ਕੁੜੀ ਦੀ ਮਾਂ ਦੇ ਹੱਥਾਂ 'ਤੇ ਸੂਟ ਧਰਵਾ ਕੇ ਅਸੀਂ ਫੋਟੋ ਖਿੱਚ ਲਈ ਸੀ। ਕਲੱਬ ਵੱਲੋਂ ਮੇਰੇ ਨਾਲ ਜੰਡੂ ਵੀ ਗਿਆ ਸੀ। ਉਹ ਮੰਜੇ 'ਤੇ ਕੁੜੀ ਨਾਲ ਇਕ ਪਾਸੇ ਬਹਿ ਗਿਆ ਸੀ। ਦੂਜੇ ਪਾਸੇ ਕੁੜੀ ਦੀ ਮਾਂ ਬਹਿ ਗਈ ਸੀ। ਪਰ ਬੁੜੀ ਵੱਲੋਂ ਚੁੰਨੀ ਨਾ ਲਾਹੁਣ ਕਾਰਨ ਸਾਡਾ ਤੁਰਨਾ ਮੁਸ਼ਕਿਲ ਹੋ ਗਿਆ ਸੀ।

ਮੰਜੇ ਦੇ ਖੱਬੇ ਪਾਸੇ ਉਹ ਬੁੜੀ ਖੜ੍ਹੀ ਸੀ। ਉਹਦਾ ਸਿਰ ਝੁੱਕਿਆ ਹੋਇਆ ਸੀ। ਘਸਮੈਲੇ ਜਿਹੇ ਕੱਪੜੇ ਪਾਏ ਹੋਏ ਸਨ। ਪੈਰੀਂ ਗੱਤੇ ਵਰਗੀਆਂ ਘਸੀਆਂ ਰਬੜ ਦੀਆਂ ਚੱਪਲਾਂ ਸਨ। ਸਿਰ 'ਤੇ ਥਾਂ-ਥਾਂ ਤੋਂ ਪਾਟੀ ਹੋਈ ਚੁੰਨੀ ਲਈ ਹੋਈ ਸੀ। ਉਸ ਦੇ ਚਿਹਰੇ ਤੇ ਮੱਥੇ 'ਤੇ ਪਤਲੀਆਂ ਰੱਸੀਆਂ ਵਰਗੀਆਂ ਝੁਰੜੀਆਂ ਉਭਰੀਆਂ ਹੋਈਆਂ ਸੀ। ਅੱਖਾਂ ਅੰਦਰ ਨੂੰ ਧਸੀਆਂ ਹੋਈਆਂ। ਹੱਥਾਂ 'ਤੇ ਨਾੜਾਂ ਉੱਭਰੀਆਂ ਹੋਈਆਂ ਸਨ ਤੇ ਬਾਹਾਂ ਤੋਂ ਮਾਸ ਹੱਡੀਆਂ ਛੱਡ ਕੇ ਛਿਲ੍ਹਕ ਰਿਹਾ ਸੀ। ਘੋਰ ਗ਼ਰੀਬੀ ਦੀ ਮਾਰ ਉਹਦੇ ਚਿਹਰੇ ਤੋਂ ਅੱਧੋ-ਬਹੁਤੀ ਨਿਗਾਹ ਗੰਵਾ ਚੁੱਕਿਆਂ ਨੂੰ ਵੀ ਸਾਫ਼ ਦਿਸਦੀ ਸੀ।

ਵੀਹ ਕੁ ਮਿੰਟ ਪਹਿਲਾਂ ਅਸੀ ਆਏ ਸੀ। ਸਾਡੇ ਕਲੱਬ ਨੇ ਫ਼ੈਸਲਾ ਕੀਤਾ ਸੀ ਕਿ ਇਸ ਵਾਰ ਰੁੱਖ ਲਾਉਣ ਦੇ ਨਾਲ-ਨਾਲ਼ ਗਰੀਬ ਘਰਾਂ ਦੀਆਂ ਕੁੜੀਆਂ ਨੂੰ ਵਿਆਹ ਦੇ ਮੌਕੇ ਭਾਂਡੇ ਤੇ ਸੂਟ ਦਿੱਤੇ ਜਾਣ। ਇਹ ਗੱਲ ਅਖ਼ਬਾਰਾਂ ਰਾਹੀਂ ਇਲਾਕੇ 'ਚ ਫ਼ੈਲ ਗਈ ਸੀ। ਅਸੀਂ ਕਲੱਬ ਦੇ ਦੋ-ਦੋ ਮੈਂਬਰਾਂ ਦੇ ਗਰੁੱਪ ਬਣਾ ਲਏ ਸਨ। ਕਿਧਰੇ ਕੋਈ ਜਾਂਦਾ ਸੀ, ਕਿਧਰੇ ਕੋਈ। ਅਸੀਂ ਇਸ ਪਿੰਡ 'ਚ ਆਏ ਸੀ।

ਇਹ ਘਰ ਦੀ ਅਰਜ਼ੀ ਸਾਨੂੰ ਪਰਸੋਂ ਮਿਲੀ ਸੀ। ਦੁਪਹਿਰ ਪਿੱਛੋਂ ਮੈਂ ਤੇ ਜੰਡੂ ਸਕੂਟਰ 'ਤੇ ਚੱਲ ਪਏ ਸੀ। ਦੁਪਹਿਰਾ ਢਲ਼ ਚੁੱਕਿਆ ਸੀ। ਮਾਰਚ ਦਾ ਅਖ਼ੀਰਲੇ ਦਿਨ ਸਨ। ਧੁੱਪ ਤਪਣ ਲੱਗ ਪਈ ਸੀ, ਜਿਹੜੀ ਖੇਤਾਂ 'ਚ ਬੀਜੀ ਕਣਕ ਦੀਆਂ ਬੱਲੀਆਂ 'ਚ ਪੱਕ ਰਹੇ ਦਾਣਿਆਂ ਦੀ ਹਰੇਵਾਈ ਨੂੰ ਸੋਨੇ ਰੰਗਾ ਕਰਨ 'ਤੇ ਲੱਗੀ ਹੋਈ ਸੀ। ਜੰਡੂ ਸਕੂਟਰ ਚਲਾ ਰਿਹਾ ਸੀ। ਮੈਂ ਮਗਰ ਬੈਠਾ ਸੀ। ਪਿੰਡ ਦੀ ਸੱਥ 'ਚੋਂ ਫਤਹਿ ਬੁਲਾ ਕੇ ਅਸੀਂ ਵਿਹੜੇ ਬਾਰੇ ਪੁੱਛ ਕੇ ਪਿੰਡ ਦੀ ਢਲਾਣ ਪੈ ਗਏ ਸੀ।

ਪਿੰਡ ਦੇ ਪਿਛਲੇ ਪਾਸੇ ਇਹ ਦਲਿਤ ਵਿਹੜਾ ਸੀ। ਵਿਹੜੇ 'ਚ ਵੜਦਿਆਂ ਹੀ ਸਾਨੂੰ ਸਾਂਝੀ ਪਾਣੀ ਵਾਲੀ ਸਰਕਾਰੀ ਟੂਟੀ 'ਤੇ ਪਾਣੀ ਭਰਦੀਆਂ ਔਰਤਾਂ ਦਿਖਾਈ ਦਿੱਤੀਆਂ। ਪੁੱਛਣ 'ਤੇ ਜਿਸ ਬੀਹੀ ਵੱਲ ਸਾਨੂੰ ਔਰਤਾਂ ਨੇ ਮੋੜਿਆ ਸੀ, ਉਹ ਬੀਹੀ ਬਹੁਤ ਡੀਗੀ ਸੀ ਤੇ ਕੱਚੀ ਵੀ। ਨਾਲੀਆਂ ਵੀ ਨਹੀ ਸੀ ਬਣੀਆਂ ਹੋਈਆਂ। ਅਸੀਂ ਗਲ਼ੀ ਦੇ ਮੋੜ 'ਤੇ ਹੀ ਸਕੂਟਰ ਖੜ੍ਹਾਅ ਦਿੱਤਾ। ਸਾਨੂੰ ਆਇਆਂ ਨੂੰ ਦੇਖ ਕੇ ਲੋਕ ਘਰਾਂ 'ਚੋਂ ਨਿੱਕਲ-ਨਿੱਕਲ ਕੇ ਇਉਂ ਵੇਖ ਰਹੇ ਸਨ, ਜਿਵੇਂ ਅਸੀਂ ਚੰਨ 'ਤੇ ਰਹਿਣ ਵਾਲ਼ੇ ਬੰਦੇ ਉਨ੍ਹਾਂ ਦੀ ਬੀਹੀ 'ਚ ਆ ਵੜੇ ਹੋਈਏ।

ਗਲ਼ੀ ਦੇ ਅੱਧ 'ਚ ਆ ਕੇ ਅਸੀਂ ਮੱਘਰ ਸਿੰਘ ਦਾ ਘਰ ਪੁੱਛਿਆ ਤਾਂ ਗਲ਼ੀ 'ਚ ਖੜੀ ਬੁੜੀ ਨੇ ਸਾਨੂੰ ਕਿਹਾ, 'ਆਓ ਭਾਈ! ਮੈਂ ਛੱਡ ਕੇ ਆਉਨੀ ਆਂ ਤੁਹਾਨੂੰ ਓਨਾਂ ਦੇ ਘਰੇ।' ਇਹ ਕਹਿ ਕੇ ਉਹ ਸਾਡੇ ਅੱਗੇ ਤੁਰ ਪਈ ਸੀ। ਸੋਟੀ ਉਹਦੇ ਹੱਥ 'ਚ ਸੀ। ਜਿਸ ਦੇ ਸਹਾਰੇ ਉਹ ਮਸਾਂ ਪੁਲਾਂਘ ਪੁੱਟਦੀ ਸੀ। ਉਹਦੇ ਪੈਰਾਂ 'ਚ ਪੈਰ ਧਰਨ ਦੀ ਸਾਡੀ ਮਜਬੂਰੀ ਸੀ।

ਬੀਹੀ 'ਚੋਂ ਪਾਟੀ ਇਕ ਹੋਰ ਬੀਹੀ 'ਚ ਆ ਕੇ ਉਹ ਰੁਕੀ। ਅਸੀਂ ਵੇਖਿਆ ਖੱਬੇ ਹੱਥ ਇਕ ਨਿੱਕਾ ਜਿਹਾ ਘਰ ਸੀ। ਗਲ਼ੀ 'ਤੇ ਲਗਦੀ ਕੰਧ ਮਸਾਂ ਲੱਕ-ਲੱਕ ਉੱਚੀ ਸੀ, ਜਿਹੜੀ ਕੱਚੀ ਤੇ ਥਾਂ-ਥਾਂ ਤੋਂ ਖਰੀ ਹੋਈ ਸੀ। ਲਗਦਾ ਸੀ ਇਹ ਕਦੇ ਨਾ ਕਦੇ ਕਿਸੇ ਨੇ ਲਿੱਪੀ ਹੋਵੇਗੀ। ਘਰ ਦੇ ਅੰਦਰ ਜਾਣ ਵਾਲੇ ਬਾਰ 'ਚ ਤਖ਼ਤਿਆਂ ਦੀ ਬਜਾਏ ਲੱਕੜ ਦਾ ਇਕ ਚੌਖਟਾ ਲਾਇਆ ਹੋਇਆ ਸੀ। ਜਿਸ 'ਚ ਲੱਕੜ ਦੇ ਵਿੰਗੇ-ਟੇਢੇ ਡੰਡੇ ਬੰਨੇ ਹੋਏ ਸਨ। ਬਾਰ ਦੇ ਅੰਦਰ ਸੱਜੇ ਹੱਥ ਕੰਧ ਨਾਲ ਇਕ ਗਊ ਬੰਨੀ ਹੋਈ ਸੀ ਤੇ ਨਾਲ ਹੀ ਰੋਟੀ ਟੁੱਕ ਕਰਨ ਲਈ ਕੱਚਾ ਚੁਟਾ ਸੀ, ਜੋ ਵਿਹੜੇ ਤੋਂ ਚੱਪਾ ਕੁ ਉੱਚਾ ਸੀ। ਚੁਟੇ ਦੇ ਬਾਹਰ ਇੱਟਾਂ 'ਤੇ ਗਿਠ-ਗਿਠ ਚੌੜੀਆਂ ਦੋ ਫੱਟੀਆਂ ਧਰੀਆਂ ਹੋਈਆਂ ਸਨ ਤੇ ਫੱਟੀਆਂ 'ਤੇ ਅੱਧਾ ਵੱਢਿਆ ਹੋਇਆ ਰਬੜ ਦਾ ਢੋਲ ਧਰਿਆ ਸੀ, ਜਿਸ 'ਚ ਮਸਾਂ ਗਿੱਠ ਕੁ ਪਾਣੀ ਸੀ। ਬਾਰ ਦੇ ਨਾਲ ਗਊ ਵਾਲੇ ਪਾਸੇ ਵੀ ਇਕ ਲੱਕ ਜਿੰਨਾ ਉੱਚਾ ਓਟਾ ਸੀ, ਜਿਹੜਾ ਨਹਾਉਣ-ਧੋਣ ਲਈ ਵਰਤਿਆ ਜਾਂਦਾ ਹੋਵੇਗਾ।

ਘਰ ਦੇ ਮਗਰਲੇ ਪਾਸੇ ਇਕ ਸਬਾਤ ਸੀ, ਜੋ ਵਿਹੜੇ ਨਾਲੋਂ ਨੀਵੀਂ ਸੀ। ਸਰੋਵਰ ਵਾਂਗ ਉਤਰ ਕੇ ਹੀ ਉਸ 'ਚ ਜਾਇਆ ਜਾ ਸਕਦਾ ਸੀ। ਦਰਵਾਜ਼ਾ ਉਸ ਨੂੰ ਵੀ ਨਹੀਂ ਸੀ ਤੇ ਨਾ ਹੀ ਸਬਾਤ ਦੇ ਕੋਈ ਤਾਕੀ ਸੀ। ਦਰਵਾਜ਼ੇ ਦੁਆਲੇ ਖੂੰਜੇ 'ਚ ਦੋ ਥੰਮੀਆਂ ਖੜ੍ਹੀਆਂ ਕੀਤੀਆਂ ਹੋਈਆਂ ਸਨ ਤੇ ਬਾਰ ਦੇ ਵਿਚਾਲੇ ਦੋਵੇਂ ਪਾਸੀਂ ਮੋਘਰੇ ਕੱਢੇ ਹੋਏ ਸਨ। ਲੱਗਦਾ ਸੀ ਕਿ ਰਾਤ ਨੂੰ ਇਹ ਥੰਮੀਆਂ ਦਰਵਾਜ਼ੇ ਦੀ ਬਜਾਏ ਅੰਦਰ ਕੁੱਤਾ ਬਿੱਲਾ ਵੜਨ ਤੋਂ ਰੋਕਣ ਲਈ ਕਾਟੀਦਾਰ ਅੜਾਈਆਂ ਜਾਂਦੀਆਂ ਹੋਣਗੀਆਂ।

ਵਿਹੜੇ 'ਚ ਸਾਨੂੰ ਆਇਆਂ ਨੂੰ ਦੇਖ ਕੇ ਸਬਾਤ 'ਚੋਂ ਇਕ ਕੁੜੀ ਨਿੱਕਲੀ, ਜਿਹੜੀ ਮੱਧਰੇ ਕੱਦ ਦੀ ਸੀ, ਪੱਕਾ ਉਸਦਾ ਰੰਗ ਸੀ। ਮੂੰਹ 'ਤੇ ਮੁੜ੍ਹਕੇ ਦੀਆਂ ਬੂੰਦਾਂ ਟਪਕ ਰਹੀਆਂ ਸਨ। ਫਿੱਟੀ ਜਿਹੀ ਚੁੰਨੀ ਉਸਨੇ ਗਲ਼ ਦੁਆਲੇ ਪਾ ਕੇ ਪਿਠ ਪਿੱਛੇ ਸੁੱਟੀ ਹੋਈ ਸੀ। ਸਾਨੂੰ ਵੇਖ ਕੇ ਉਸਨੇ 'ਸਤਿ ਸ੍ਰੀ ਅਕਾਲ' ਬੁਲਾਈ ਤੇ ਵਿਹੜੇ 'ਚ ਕੰਧ ਨਾਲ ਖੜ੍ਹਾ ਕੀਤਾ ਬਾਣ ਦਾ ਮੰਜਾ ਡਾਹ ਦਿੱਤਾ, ਜਿਹੜਾ ਅੱਧਾ ਧੁੱਪੇ ਸੀ ਤੇ ਅੱਧਾ ਛਾਵੇਂ। ਧੁੱਪ ਭਾਵੇਂ ਅਜੇ ਪਿੰਡਾ ਖਾਊ ਨਹੀਂ ਸੀ ਹੋਈ ਪਰ ਅਸੀਂ ਫੇਰ ਵੀ ਛਾਂ ਵਾਲੇ ਪਾਸੇ ਬੈਠੇ।

ਸਾਨੂੰ ਆਇਆ ਨੂੰ ਦੇਖ ਕੇ ਆਂਢ-ਗੁਆਂਢ 'ਚੋਂ ਹੋਰ ਔਰਤਾਂ ਵੀ ਆ ਗਈਆਂ ਤੇ ਉਹ ਵਿਹੜੇ 'ਚ ਕੱਚੀ ਕੰਧ ਨਾਲ ਢੋਅ ਲਾਈ ਖੜ੍ਹੀ ਬੁੜੀ ਨਾਲ ਗੱਲੀਂ ਲੱਗ ਪਈਆਂ। ਜਦੋਂ ਗੱਲਾਂ ਦਾ ਰੁਖ਼ ਕੁੜੀ ਦੇ ਵਿਆਹ ਵੱਲ ਮੁੜਿਆ ਤਾਂ ਬੁੜੀ ਕਹਿੰਦੀ, "ਮਰ ਜਾਣੀ ਸਰਕਾਰ ਵੀ ਵਿਆਹ ਪਿੱਛੋਂ ਸ਼ਗਨ ਦੇ ਚਾਰ ਪੈਸੇ ਦਿੰਦੀ ਐ। ਮੌਕੇ 'ਤੇ ਮਿਲ ਜਾਣ ਤਾਂ ਗ਼ਰੀਬ ਗੁਰਬਾ ਆਪਣਾ ਬੁੱਤਾ ਸਾਰ ਲੇ। ਮਗਰੋਂ ਜਿਹੇ ਦਿੱਤੇ, ਜਿਹੇ ਜੇ ਨਾ।"

'ਬੇਬੇ ਜੇ ਸਰਕਾਰ ਆਪਣੇ ਮੂਜਬ ਚਲਦੀ ਹੋਵੇ। ਫੇਰ ਇਹ ਨਰਕ ਕਿਉਂ ਭੋਗੀਏ। ਕ੍ਰਿਪਾਲ ਦੀ ਕੁੜੀ ਬੰਨੀ ਵੇਖ ਲਓ, ਸਾਲ ਭਰ ਦਾ ਜੁਆਕ ਵੀ ਹੋ ਗਿਆ ਉਹਦੇ। ਅਜੇ ਤਕ ਪੈਸੇ ਨੀਂ ਮਿਲੇ। ਦੱਸੋ ਅਹੇ ਜੇ ਸ਼ਗਨ ਨੂੰ ਕੋਈ ਕੀ ਗੋਲ਼ੀ ਮਾਰੇ।' ਬੁੜੀ ਕੋਲ਼ ਖੜ੍ਹੀ ਇਕ ਅੱਧਖੜ ਜਿਹੀ ਤੀਵੀਂ ਨੇ ਕਿਹਾ।

ਬੁੜੀ ਬੋਲ ਕੇ ਹਟੀ ਤੀਵੀਂ ਦੀ ਗੱਲ ਦੇ ਜਵਾਬ 'ਚ ਕੁੱਝ ਕਹਿਣ ਹੀ ਲੱਗੀ ਸੀ ਪਰ ਬਾਰ ਵੱਲ ਵੇਖ ਕੇ ਉਹ ਚੁੱਪ ਕਰ ਗਈ। ਅਸੀਂ ਵੇਖਿਆ, ਕੁੜੀ ਦੀ ਮਾਂ ਆ ਗਈ ਸੀ। ਉਸਦੇ ਹੱਥ 'ਚ ਇਕ ਵੱਡਾ ਡੋਲੂ ਸੀ ਤੇ ਦੂਜੇ ਹੱਥ 'ਚ ਦੋ ਕੱਚ ਦੇ ਗਲਾਸ ਸਨ। ਕੁੜੀ ਦੇ ਹੱਥ 'ਚ ਇਕ ਨਿੱਕਾ ਜਿਹਾ ਡੋਲੂ ਸੀ। ਗਲਾਸਾਂ 'ਚ ਪਾਣੀ ਪਾ ਕੇ ਸਾਨੂੰ ਫੜਾਉਂਦੀ ਹੋਈ ਕੁੜੀ ਦੀ ਮਾਂ ਬੋਲੀ, 'ਚਾਹ ਪਾਣੀ ਭਾਈ! ਮੈਂ ਆਵਦੇ ਕੰਮ ਵਾਲ਼ਿਆਂ ਦੇ ਘਰੋਂ ਲੈ ਕੇ ਆਈ ਆਂ। ਸੋਚਿਆ! ਤੁਸੀ ਸਾਡੇ ਗ਼ਰੀਬਾਂ ਦੇ ਘਰ ਦਾ ਪਤਾ ਨੀਂ ਖਾਓ-ਪੀਓਗੇ ਜਾਂ ਨਹੀਂ।'

'ਇਹ ਗੱਲਾਂ ਭਾਈ ਹੁਣ ਬਹੁਤ ਪਿੱਛੇ ਰਹਿ ਗਈਆਂ ਨੇ, ਅੱਜ ਕੱਲ੍ਹ ਕੌਣ ਦੇਖਦੈ ਏਨਾਂ ਗੱਲਾਂ ਨੂੰ। ਸਮਾਂ ਨਿੱਤ ਬਦਲੀ ਜਾਂਦਾ।' ਮੈਂ ਕਿਹਾ।

ਮੇਰੀ ਗੱਲ ਸੁਣਕੇ ਬੁੜੀ ਕਹਿਣ ਲੱਗੀ, 'ਇਹ ਤਾਂ ਭਾਈ ਥੋਡੀ ਗੱਲ ਠੀਕ ਹੈ ਪਰ ਸਾਰੀ ਦੁਨੀਆ ਇੱਕੋ ਜਿਹੀ ਤਾਂ ਨੀਂ ਹੁੰਦੀ। ਕਹਿੰਦੇ ਐ, ਪਹਿਲਾਂ ਤਾਂ ਉੱਚੀਆਂ ਜਾਤਾਂ ਵਾਲੇ ਸਾਡੇ ਗਲ਼ਾਂ 'ਚ ਥੁੱਕਣ ਲਈ ਵੀ ਕੁੱਜੇ ਬੰਨਾ ਕੇ ਰਖਦੇ ਸੀ।' ਪਰ ਫੇਰ ਉਹਨੇ ਗੱਲ ਦਾ ਰੁਖ਼ ਬਦਲਦਿਆ, 'ਤੁਸੀ ਭਾਈ ਧੀ ਧਿਆਣੀ ਦੇ ਵਿਆਹ 'ਤੇ ਹੱਥ ਝਾੜਨ ਆਇਓ'।

ਵਿਹੜੇ 'ਚ ਸਾਨੂੰ ਆਇਆਂ ਨੂੰ ਦੇਖ ਕੇ ਸਬਾਤ 'ਚੋਂ ਇਕ ਕੁੜੀ ਨਿੱਕਲੀ, ਜਿਹੜੀ ਮੱਧਰੇ ਕੱਦ ਦੀ ਸੀ, ਪੱਕਾ ਉਸਦਾ ਰੰਗ ਸੀ। ਮੂੰਹ 'ਤੇ ਮੁੜ੍ਹਕੇ ਦੀਆਂ ਬੂੰਦਾਂ ਟਪਕ ਰਹੀਆਂ ਸਨ। ਫਿੱਟੀ ਜਿਹੀ ਚੁੰਨੀ ਉਸਨੇ ਗਲ਼ ਦੁਆਲੇ ਪਾ ਕੇ ਪਿਠ ਪਿੱਛੇ ਸੁੱਟੀ ਹੋਈ ਸੀ। ਸਾਨੂੰ ਵੇਖ ਕੇ ਉਸਨੇ 'ਸਤਿ ਸ੍ਰੀ ਅਕਾਲ' ਬੁਲਾਈ ਤੇ ਵਿਹੜੇ 'ਚ ਕੰਧ ਨਾਲ ਖੜ੍ਹਾ ਕੀਤਾ ਬਾਣ ਦਾ ਮੰਜਾ ਡਾਹ ਦਿੱਤਾ, ਜਿਹੜਾ ਅੱਧਾ ਧੁੱਪੇ ਸੀ ਤੇ ਅੱਧਾ ਛਾਵੇਂ। ਧੁੱਪ ਭਾਵੇਂ ਅਜੇ ਪਿੰਡਾ ਖਾਊ ਨਹੀਂ ਸੀ ਹੋਈ ਪਰ ਅਸੀਂ ਫੇਰ ਵੀ ਛਾਂ ਵਾਲੇ ਪਾਸੇ ਬੈਠੇ।

ਸਾਨੂੰ ਆਇਆ ਨੂੰ ਦੇਖ ਕੇ ਆਂਢ-ਗੁਆਂਢ 'ਚੋਂ ਹੋਰ ਔਰਤਾਂ ਵੀ ਆ ਗਈਆਂ ਤੇ ਉਹ ਵਿਹੜੇ 'ਚ ਕੱਚੀ ਕੰਧ ਨਾਲ ਢੋਅ ਲਾਈ ਖੜ੍ਹੀ ਬੁੜੀ ਨਾਲ ਗੱਲੀਂ ਲੱਗ ਪਈਆਂ। ਜਦੋਂ ਗੱਲਾਂ ਦਾ ਰੁਖ਼ ਕੁੜੀ ਦੇ ਵਿਆਹ ਵੱਲ ਮੁੜਿਆ ਤਾਂ ਬੁੜੀ ਕਹਿੰਦੀ, "ਮਰ ਜਾਣੀ ਸਰਕਾਰ ਵੀ ਵਿਆਹ ਪਿੱਛੋਂ ਸ਼ਗਨ ਦੇ ਚਾਰ ਪੈਸੇ ਦਿੰਦੀ ਐ। ਮੌਕੇ 'ਤੇ ਮਿਲ ਜਾਣ ਤਾਂ ਗ਼ਰੀਬ ਗੁਰਬਾ ਆਪਣਾ ਬੁੱਤਾ ਸਾਰ ਲੇ। ਮਗਰੋਂ ਜਿਹੇ ਦਿੱਤੇ, ਜਿਹੇ ਜੇ ਨਾ।"

'ਬੇਬੇ ਜੇ ਸਰਕਾਰ ਆਪਣੇ ਮੂਜਬ ਚਲਦੀ ਹੋਵੇ। ਫੇਰ ਇਹ ਨਰਕ ਕਿਉਂ ਭੋਗੀਏ। ਕ੍ਰਿਪਾਲ ਦੀ ਕੁੜੀ ਬੰਨੀ ਵੇਖ ਲਓ, ਸਾਲ ਭਰ ਦਾ ਜੁਆਕ ਵੀ ਹੋ ਗਿਆ ਉਹਦੇ। ਅਜੇ ਤਕ ਪੈਸੇ ਨੀਂ ਮਿਲੇ। ਦੱਸੋ ਅਹੇ ਜੇ ਸ਼ਗਨ ਨੂੰ ਕੋਈ ਕੀ ਗੋਲ਼ੀ ਮਾਰੇ।' ਬੁੜੀ ਕੋਲ਼ ਖੜ੍ਹੀ ਇਕ ਅੱਧਖੜ ਜਿਹੀ ਤੀਵੀਂ ਨੇ ਕਿਹਾ।

ਬੁੜੀ ਬੋਲ ਕੇ ਹਟੀ ਤੀਵੀਂ ਦੀ ਗੱਲ ਦੇ ਜਵਾਬ 'ਚ ਕੁੱਝ ਕਹਿਣ ਹੀ ਲੱਗੀ ਸੀ ਪਰ ਬਾਰ ਵੱਲ ਵੇਖ ਕੇ ਉਹ ਚੁੱਪ ਕਰ ਗਈ। ਅਸੀਂ ਵੇਖਿਆ, ਕੁੜੀ ਦੀ ਮਾਂ ਆ ਗਈ ਸੀ। ਉਸਦੇ ਹੱਥ 'ਚ ਇਕ ਵੱਡਾ ਡੋਲੂ ਸੀ ਤੇ ਦੂਜੇ ਹੱਥ 'ਚ ਦੋ ਕੱਚ ਦੇ ਗਲਾਸ ਸਨ। ਕੁੜੀ ਦੇ ਹੱਥ 'ਚ ਇਕ ਨਿੱਕਾ ਜਿਹਾ ਡੋਲੂ ਸੀ। ਗਲਾਸਾਂ 'ਚ ਪਾਣੀ ਪਾ ਕੇ ਸਾਨੂੰ ਫੜਾਉਂਦੀ ਹੋਈ ਕੁੜੀ ਦੀ ਮਾਂ ਬੋਲੀ, 'ਚਾਹ ਪਾਣੀ ਭਾਈ! ਮੈਂ ਆਵਦੇ ਕੰਮ ਵਾਲ਼ਿਆਂ ਦੇ ਘਰੋਂ ਲੈ ਕੇ ਆਈ ਆਂ। ਸੋਚਿਆ! ਤੁਸੀ ਸਾਡੇ ਗ਼ਰੀਬਾਂ ਦੇ ਘਰ ਦਾ ਪਤਾ ਨੀਂ ਖਾਓ-ਪੀਓਗੇ ਜਾਂ ਨਹੀਂ।'

'ਇਹ ਗੱਲਾਂ ਭਾਈ ਹੁਣ ਬਹੁਤ ਪਿੱਛੇ ਰਹਿ ਗਈਆਂ ਨੇ, ਅੱਜ ਕੱਲ੍ਹ ਕੌਣ ਦੇਖਦੈ ਏਨਾਂ ਗੱਲਾਂ ਨੂੰ। ਸਮਾਂ ਨਿੱਤ ਬਦਲੀ ਜਾਂਦਾ।' ਮੈਂ ਕਿਹਾ।

ਮੇਰੀ ਗੱਲ ਸੁਣਕੇ ਬੁੜੀ ਕਹਿਣ ਲੱਗੀ, 'ਇਹ ਤਾਂ ਭਾਈ ਥੋਡੀ ਗੱਲ ਠੀਕ ਹੈ ਪਰ ਸਾਰੀ ਦੁਨੀਆ ਇੱਕੋ ਜਿਹੀ ਤਾਂ ਨੀਂ ਹੁੰਦੀ। ਕਹਿੰਦੇ ਐ, ਪਹਿਲਾਂ ਤਾਂ ਉੱਚੀਆਂ ਜਾਤਾਂ ਵਾਲੇ ਸਾਡੇ ਗਲ਼ਾਂ 'ਚ ਥੁੱਕਣ ਲਈ ਵੀ ਕੁੱਜੇ ਬੰਨਾ ਕੇ ਰਖਦੇ ਸੀ।' ਪਰ ਫੇਰ ਉਹਨੇ ਗੱਲ ਦਾ ਰੁਖ਼ ਬਦਲਦਿਆ, 'ਤੁਸੀ ਭਾਈ ਧੀ ਧਿਆਣੀ ਦੇ ਵਿਆਹ 'ਤੇ ਹੱਥ ਝਾੜਨ ਆਇਓ'।

ਚਾਹ ਪੀਦਿਆਂ ਜੰਡੂ ਨੇ ਹੌਲ਼ੀ ਦੇਣੇ ਮੈਨੂੰ ਕੁਝ ਕਹਿਣਾ ਚਾਹਿਆ। ਮੈਂ ਉਹ ਨੂੰ ਅੱਖ ਦੇ ਇਸ਼ਾਰੇ ਨਾਲ ਚੁੱਪ ਕਰਵਾ ਦਿੱਤਾ। ਉਹ ਜੋ ਕਹਿਣਾ ਚਾਹੁੰਦਾ ਸੀ, ਮੈਂ ਸਮਝ ਗਿਆ ਸੀ। ਮੈਂ ਚਾਹ ਵਾਲ਼ਾ ਖ਼ਾਲੀ ਗਿਲਾਸ ਪਾਵੇ ਨਾਲ ਰਖਦਿਆਂ ਕੁੜੀ ਦੀ ਮਾਂ ਨੂੰ ਕਿਹਾ,'ਭਾਈ ਜੇ ਘਰੇ ਕੋਈ ਲਾਲ ਚੁੰਨੀ ਪਈ ਐ ਤਾਂ ਕੁੜੀ ਦੇ ਸਿਰ 'ਤੇ ਦੇ ਦਿਓ। ਪਤਾ ਲੱਗ ਜਾਊ ਅਸੀਂ ਵਿਆਹ ਵਾਲ਼ੀ ਕੁੜੀ ਨੂੰ ਭਾਂਡੇ ਤੇ ਸੂਟ ਦੇ ਕੇ ਆਏ ਆਂ।'

ਮੇਰੀ ਗੱਲ ਸੁਣ ਕੇ ਔਰਤ ਦੇ ਚਿਹਰੇ ਦਾ ਰੰਗ ਉੱਡ ਗਿਆ, ਜਿਵੇਂ ਕੋਈ ਦੁਖਦੀ ਰਗ ਛੇੜ ਦਿੱਤੀ ਹੋਵੇ। ਨਿੰਮੋਝੂਣੀ ਹੋ ਕੇ ਉਹ ਬੋਲੀ, 'ਲਾਲ ਚੁੰਨੀ ਤਾਂ ਭਾਈ ਕੁੜੀ ਦਾ ਮਾਮਾ ਪਰਸੋਂ ਲੈ ਕੇ ਆਊਗਾ। ਚੌਥੇ 'ਨੰਦ ਕਾਰਜ ਨੇ।' ਉਹਨੇ ਛਿੱਥੀ ਜਿਹੀ ਪੈਂਦੀ ਨੇ ਕਿਹਾ। ਉਹਦੀ ਗੱਲ ਸੁਣ ਕੇ ਬੁੜੀ ਬੋਲੀ, 'ਤੁਸੀ ਭਾਈ! ਖੜੋ ਕੁਸ਼ ਚਿਰ, ਮੈਂ ਲੈ ਕੇ ਆਉਨੀ ਆਂ ਲਾਲ ਆਲ਼ੀ ਲਾਲ ਚੁੰਨੀ। ਆਵਦੀ ਦੋਹਤੀ ਵਾਸਤੇ ਲੈ ਕੇ ਰੱਖੀ ਐ ਮੈਂ। ਦੋ ਮਿੰਟ ਉੱਤੇ ਲੈਣ ਨਾਲ਼ ਕੀ ਫ਼ਰਕ ਪੈਂਦੈ।" ਕਹਿ ਕੇ ਉਹ ਤੁਰ ਗਈ।

ਜੰਡੂ ਨੇ ਪਰਾਤ ਲਿਫ਼ਾਫ਼ੇ 'ਚੋਂ ਕੱਢ ਕੇ ਉਸ 'ਚ ਛੋਟੇ ਭਾਂਡੇ ਚਿਣ ਦਿੱਤੇ। ਮੈਥੋਂ ਸੂ

ਤੁਹਾਡੀ ਰਸੋਈ



ਗੋਲ ਗੱਪੇ ਖਾਣੇ ਕਿਸ ਨੂੰ ਪਸੰਦ ਨਹੀਂ ਹੁੰਦੇ, ਫ਼ਿਰ ਚਾਹੇ ਉਹ ਕੁੜੀ ਹੋਵੇ ਜਾਂ ਫ਼ਿਰ ਮੁੰਡਾ। ਇਹ ਖਾਣ 'ਚ ਬਹੁਤ ਹੀ ਸੁਆਦੀ ਅਤੇ ਚਟਪਟੇ ਹੁੰਦੇ ਹਨ। ਜੇਕਰ ਤੁਸੀਂ ਚਟਪਟੇ ਗੋਲ ਗੱਪੇ ਖਾਣ ਦੇ ਸ਼ੌਕੀਨ ਹੋ ਤਾਂ ਅੱਜ ਅਸੀਂ ਤੁਹਾਨੂੰ ਇਨ੍ਹਾਂ ਨੂੰ ਬਣਾਉਣ ਦਾ ਤਰੀਕਾ ਦੱਸਾਂਗੇ। ਇਨ੍ਹਾਂ ਨੂੰ ਤੁਸੀਂ ਘਰ 'ਚ ਹੀ ਬਹੁਤ ਆਸਾਨੀ ਨਾਲ ਬਣਾ ਸਕਦੇ ਹੋ। ਤਾਂ ਫ਼ਿਰ ਆਓ ਜਾਣੀਏ ਇਨ੍ਹਾਂ ਨੂੰ ਬਣਾਉਣ ਦਾ ਤਰੀਕਾ

ਗੋਲ ਗੱਪੇ ਬਣਾਉਣ ਦੀ ਸਮੱਗਰੀ

ਇੱਕ ਕੱਪ ਮੈਦਾ
ਇੱਕ ਕੱਪ ਸੂਜੀ
1 ਕੱਪ ਤੇਲ
ਚੁਟਕੀ ਭਰ ਸੋਡਾ
1 ਕੱਪ ਪਾਣੀ
ਸੁਆਦ ਮੁਤਾਬਕ ਲੂਣ

ਗੋਲ ਗੱਪੇ ਬਣਾਉਣ ਦੀ ਵਿਧੀ

1. ਸਭ ਤੋਂ ਪਹਿਲਾਂ ਇੱਕ ਭਾਂਡੇ 'ਚ ਸੂਜੀ, ਮੈਦਾ, ਲੂਣ, ਸੋਡਾ ਅਤੇ ਤੇਲ ਮਿਲਾਓ। ਬਾਅਦ 'ਚ ਇਸ ਸਾਰੇ ਮਿਸ਼ਰਣ ਨੂੰ ਪਾਣੀ ਦੇ ਨਾਲ ਗੁੰਨ ਲਵੋ।
2. ਹੁਣ ਇਸ ਗੁੰਨੇ ਹੋਏ ਆਟੇ ਨੂੰ 25-35 ਮਿੰਟਾਂ ਲਈ ਢੱਕ ਕੇ ਰੱਖ ਦਿਓ।
3. ਫ਼ਿਰ ਇਸ ਆਟੇ ਨੂੰ ਇੱਕ ਵਾਰ ਫ਼ਿਰ ਤੋਂ ਗੁੰਨ ਕੇ ਮੁਲਾਇਮ ਕਰ ਲਓ ਅਤੇ ਤਿੰਨ ਭਾਗਾਂ 'ਚ ਵੰਡ ਲਓ।
4. ਧਿਆਨ ਰਹੇ ਕਿ ਆਟਾ ਨਾ ਜ਼ਿਆਦਾ ਸਖ਼ਤ ਹੋਵੇ ਅਤੇ ਨਾ ਹੀ ਜ਼ਿਆਦਾ ਮੁਲਾਇਮ। ਫ਼ਿਰ ਇਸ ਦੇ ਇੱਕ ਹਿੱਸੇ ਨੂੰ ਪੂਰੀ ਦੇ ਵਾਂਗ ਵੇਲ ਲਵੋ।
5. ਹੁਣ ਇਸ ਵੇਲੇ ਹੋਏ ਆਟੇ ਨੂੰ ਕਿਸੇ ਗੋਲ ਸਾਂਚੇ ਨਾਲ ਦਬਾ ਕੇ ਛੋਟੇ-ਛੋਟੇ ਗੋਲ ਗੱਪੇ ਬਣਾ ਲਵੋ ਅਤੇ ਇਨ੍ਹਾਂ ਗੋਲ ਗੱਪਿਆਂ ਨੂੰ ਕਿਸੇ ਕੱਪੜੇ ਨਾਲ ਢੱਕ ਕੇ ਰੱਖ ਲਓ।
6. ਜਦੋਂ ਇਹ ਤਿਆਰ ਹੋ ਜਾਣ ਤਾਂ ਇੱਕ ਕੜਾਹੀ 'ਚ ਤੇਲ ਪਾ ਕੇ ਇਸ ਨੂੰ ਘੱਟ ਸੇਕ 'ਤੇ ਗੈਸ 'ਤੇ ਰੱਖ ਦਿਓ। 7. ਹੁਣ ਇਨ੍ਹਾਂ ਗੋਲ ਗੱਪਿਆਂ ਨੂੰ ਪੂੜੀਆਂ ਦੇ ਵਾਂਗ ਤਲ ਲਵੋ। 8. ਇਸ ਗੱਲ ਦਾ ਧਿਆਨ ਰੱਖੋ ਕਿ ਜੇਕਰ ਤੁਸੀਂ ਗੋਲ ਗੱਪਿਆਂ ਨੂੰ ਜ਼ਿਆਦਾ ਕਰਾਰਾ ਕਰਨਾ ਚਾਹੁੰਦੇ ਹੋ ਤਾਂ ਗੈਸ ਦਾ ਸੇਕ ਘੱਟ ਰੱਖੋ।
9. ਜਦੋਂ ਗੋਲ ਗੱਪੇ ਤਿਆਰ ਹੋ ਜਾਣ ਤਾਂ ਇਨ੍ਹਾਂ ਨੂੰ 3 ਘੰਟਿਆਂ ਲਈ ਇੱਕ ਖੁੱਲ੍ਹੇ ਭਾਂਡੇ 'ਚ ਪਾ ਕੇ ਸਖ਼ਤ ਹੋਣ ਲਈ ਰੱਖ ਦਿਓ 10. ਜਦੋਂ ਗੋਲ ਗੱਪੇ ਸਖ਼ਤ ਹੋ ਕੇ ਖਾਣ ਲਈ ਤਿਆਰ ਹੋ ਜਾਣ ਤਾਂ ਇਨ੍ਹਾਂ ਨੂੰ ਮਿੱਠੀ ਅਤੇ ਨਮਕੀਨ ਚਟਨੀ ਪਾ ਕੇ ਸਰਵ ਕਰੋ।

ਮੈਂਗੋ ਕੇਕ



ਬਣਾਉਣ ਲਈ ਸਮੱਗਰੀ
250 ਗ੍ਰਾਮ ਮੈਦਾ
250 ਗ੍ਰਾਮ ਬਟਰ
4-5 ਅੰਡੇ
2 ਚਮਚ ਬੇਕਿੰਗ ਪਾਊਡਰ
200 ਗ੍ਰਾਮ ਚੀਨੀ
1 ਕੱਪ ਮੈਂਗੋ ਪਿਊਰੀ
1 ਚਮਚ ਮੈਂਗੋ ਅਸੈਂਸ
2-3 ਅੰਬ
3 ਕੱਪ ਕਰੀਮ

ਬਣਾਉਣ ਦੀ ਵਿਧੀ

1. ਸਭ ਤੋਂ ਪਹਿਲਾਂ ਓਵਨ ਨੂੰ 150 ਡਿਗਰੀ 'ਤੇ ਗਰਮ ਕਰੋ।
2. ਹੁਣ 1 ਬਾਊਲ 'ਚ ਅੰਡਾ ਅਤੇ ਬਟਰ ਚੰਗੀ ਤਰ੍ਹਾਂ ਫ਼ੈਂਟ ਲਓ।
3. ਫ਼ਿਰ ਇਸ 'ਚ 5 ਚਮਚ ਚੀਨੀ, ਨਮਕ, ਮੈਂਗੋ ਪਿਊਰੀ ਅਤੇ ਮੈਂਗੋ ਅਸੈਂਸ ਮਿਲਾ ਕੇ 5 ਮਿੰਟਾਂ ਲਈ ਰੱਖ ਦਿਓ।
4. ਹੁਣ ਇਕ ਬਰਤਨ 'ਚ ਮੈਦਾ ਅਤੇ ਬੇਕਿੰਗ ਪਾਊਡਰ ਲੈ ਲਓ ਅਤੇ ਉਸ 'ਚ ਤਿਆਰ ਅੰਡੇ ਦੀ ਪੂਰੀ ਸਮੱਗਰੀ ਨੂੰ ਮਿਲਾ ਕੇ 2 ਮਿੰਟਾਂ ਦੇ ਲਈ ਅਲੱਗ ਰੱਖ ਦਿਓ।
5. ਫ਼ਿਰ ਬੇਕਿੰਗ ਪੈਨ 'ਚ ਕੇਕ ਦੀ ਤਿਆਰ ਸਮੱਗਰੀ ਪਾਓ ਅਤੇ ਗਰਮ ਓਵਨ 'ਚ ਰੱਖੋ।
6. ਇਸ ਨੂੰ 35 ਤੋਂ 40 ਮਿੰਟਾਂ ਤੱਕ ਬੇਕ ਕਰ ਲਓ।
7. ਹੁਣ ਚੀਨੀ ਅਤੇ ਕਰੀਮ ਨੂੰ 1 ਬਾਊਲ 'ਚ ਚੰਗੀ ਤਰ੍ਹਾਂ ਫ਼ੈਂਟ ਲਓ।
8. ਜਦੋਂ ਕੇਕ ਬਣ ਜਾਵੇ ਤਾਂ ਉਸਦੀ ਪੂਰੀ ਸਾਈਡ ਕਰੀਮ ਨਾਲ ਕਵਰ ਕਰੋ ਅਤੇ ਕੇਕ ਨੂੰ ਅੰਬ ਦੇ ਟੁੱਕੜਿਆਂ ਨਾਲ ਸਜਾਓ।

ਸ਼ੁੱਧ ਦੇਸੀ ਘਿਓ

ਦੇਸੀ ਘਿਓ ਬਣਾਉਣ ਲਈ ਸਮੱਗਰੀ
- ਮਲਾਈ
- ਘਿਓ ਪਕਾਉਣ ਦੇ ਲਈ ਕੜਾਈ
- ਛਾਣਨੀ

ਦੇਸੀ ਘਿਓ ਬਣਾਉਣ ਦੀ ਵਿਧੀ

ਤੁਸੀਂ ਦੁੱਧ ਤਾਂ ਰੋਜ਼ਾਨਾ ਖਰੀਦਦੇ ਹੋ ਦੁੱਧ ਉਬਾਲਣ ਤੋਂ ਬਾਅਦ ਉਸ 'ਤੇ ਜੰਮੀ ਮਲਾਈ ਨੂੰ ਰੋਜ਼ਾਨਾ ਇਕ ਬਰਤਨ 'ਚ ਜਮਾ ਕਰਦੇ ਜਾਓ। ਧਿਆਨ ਰੱਖੋ ਕਿ ਮਲਾਈ ਦੇ ਬਰਤਨ ਨੂੰ ਫ਼ਰਿੱਜ 'ਚ ਰੱਖਿਆ ਜਾਵੇ ਤਾਂ ਕਿ ਉਹ ਖਰਾਬ ਨਾ ਹੋ ਜਾਵੇ ਜਦੋਂ ਮਲਾਈ ਜ਼ਿਆਦਾ ਮਾਤਰਾ 'ਚ ਜਮਾ ਹੋ ਜਾਵੇ ਤਾਂ ਬਰਤਨ ਨੂੰ ਬਾਹਰ ਕੱਢ ਲਓ। ਹੁਣ ਇਸ 'ਚੋਂ ਮੱਖਣ ਕੱਢ ਲਓ। ਫ਼ਿਰ ਇਸ ਮੱਖਣ ਨੂੰ 3 ਤੋਂ 4 ਵਾਰ ਧੋ ਲਓ। ਇਸ ਮੱਖਣ ਨੂੰ ਇਕ ਕੜਾਈ 'ਚ ਪਾ ਕੇ ਗੈਸ 'ਤੇ ਰੱਖੋ। ਘੱਟ ਗੈਸ 'ਤੇ ਇਸ ਨੂੰ ਹਿਲਾਉਂਦੇ ਜਾਓ। ਪਹਿਲਾਂ ਇਹ ਗਾੜਾ ਹੋਵੇਗਾ। ਇਸ ਤੋਂ ਬਾਅਦ ਇਹ ਪਤਲਾ ਹੋਣਾ ਸ਼ੁਰੂ ਹੋਵੇਗਾ। ਧਿਆਨ ਰੱਖੋ ਕਿ ਇਹ ਕੜਾਈ ਦੇ ਤਲੇ ਦੇ ਨਾਲ ਚਿਪਕੇ ਨਾ। ਜਦੋਂ ਮੱਖਣ ਹੋਲੀ-ਹੋਲੀ ਪਿਘਲ ਕੇ ਪੱਕਣ ਲੱਗੇਗਾ ਤਾਂ ਘਿਓ ਬਣਨਾ ਸ਼ੁਰੂ ਹੋ ਜਾਵੇਗਾ। ਫ਼ਿਰ ਥੋੜ੍ਹੀ ਦੇਰ ਬਾਅਦ ਘਿਓ ਦੀ ਪਰਤ 'ਤੇ ਘਿਓ ਤੈਰਣ ਲੱਗੇਗਾ। ਹੁਣ ਗੈਸ ਬੰਦ ਕਰ ਦਿਓ ਅਤੇ ਠੰਡਾ ਹੋ ਜਾਣ ਤੋਂ ਬਾਅਦ ਇਸ ਨੂੰ ਦੂਜੇ ਬਰਤਨ 'ਚ ਛਾਣ ਲਓ। ਤੁਹਾਡਾ ਸ਼ੁੱਧ ਦੇਸੀ ਘਿਓ ਤਿਆਰ ਹੈ। ਜ਼ਰੂਰਤ ਪੈਣ 'ਤੇ ਇਸ ਘਿਓ ਦੀ ਵਰਤੋਂ ਕਰੋ।

ਸੱਸ-ਨੂੰਹ 'ਚ ਤਣਾਅ ਕਿਉਂ ?

➢ ਗੁਰਵੀਰ ਸਿੰਘ ਚੀਮਾ

ਚਿੰਤਾ ਜਾਂ ਘਬਰਾਹਟ ਭਰੇ ਅਤੇ ਭੜਕਾਊ ਸ਼ਬਦਾਂ ਦਾ ਇਸਤੇਮਾਲ ਨਾ ਕਰਕੇ ਸੱਚੀ, ਮਧੁਰ ਅਤੇ ਸਹਿਯੋਗੀ ਭਾਸ਼ਾ ਦੀ ਵਰਤੋਂ ਕਰੋ ਅਤੇ ਆਪਣੇ ਵਚਨਾਂ ਰਾਹੀਂ ਆਪਣੀ ਬਾਣੀ ਨੂੰ ਇਸ ਤਰ੍ਹਾਂ ਸਜਾਓ ਕਿ ਇੰਜ ਲੱਗੇ ਜਿਵੇਂ ਕਿਸੇ ਨੇ ਆਪਣੇ ਸਰੀਰ ਨੂੰ ਗਹਿਣਿਆਂ ਨਾਲ ਸਜਾਇਆ ਹੋਵੇ। ਸ਼ਾਸਤਰਾਂ ਵਿੱਚ ਵੀ ਕਿਹਾ ਗਿਆ ਹੈ ਕਿ ਅਦਾਮੀ ਦਾ ਸਭ ਤੋਂ ਵੱਡਾ ਗਹਿਣਾ ਉਸਦੀ ਮਿੱਠੀ ਬਾਣੀ ਹੈ।



ਬੇਸ਼ੱਕ ਅਜੋਕਾ ਸਮਾਂ ਪੁਰਾਣੇ ਸਮੇਂ ਨਾਲੋਂ ਬਹੁਤ ਜ਼ਿਆਦਾ ਬਦਲ ਚੁੱਕਾ ਹੈ, ਪਰ ਕਈ ਸਮਾਜਿਕ ਰਿਸ਼ਤੇ ਅਜਿਹੇ ਹਨ ਜਿਹੜੇ ਹਾਲੇ ਵੀ ਉਸੇ ਰੂਪ ਵਿੱਚ ਹੰਢਾਏ-ਵਰਤਾਏ ਜਾ ਰਹੇ ਹਨ। ਇਨ੍ਹਾਂ ਰਿਸ਼ਤਿਆਂ ਵਿੱਚੋਂ ਨੂੰਹ-ਸੱਸ ਦਾ ਰਿਸ਼ਤਾ ਅਹਿਮ ਹੈ। ਸੱਸ ਅਤੇ ਨੂੰਹ ਬੇਸ਼ੱਕ ਦੋ ਔਰਤਾਂ ਹੀ ਹਨ, ਪਰ ਇਹ ਨਾਮ ਸੁਣ ਕੇ ਹਰੇਕ ਮਨ ਅੰਦਰ ਤਰ੍ਹਾਂ-ਤਰ੍ਹਾਂ ਦੇ ਖਿਆਲ ਉਪਜਣ ਲੱਗ ਪੈਂਦੇ ਹਨ। ਹਰ ਔਰਤ ਖ਼ੁਦ ਦਾ ਵਿਆਹ ਹੋਣ 'ਤੇ ਨੂੰਹ ਬਣਦੀ ਹੈ ਅਤੇ ਆਪਣੇ ਪੁੱਤ-ਧੀ ਦਾ ਵਿਆਹ ਕਰਨ 'ਤੇ ਸੱਸ ਦਾ ਰੂਪ ਧਾਰਨ ਕਰ ਲੈਂਦੀ ਹੈ। ਧੀ ਦਾ ਵਿਆਹ ਕਰਨ 'ਤੇ ਉਸ ਦੇ ਰੁਤਬੇ ਵਿੱਚ ਕੋਈ ਖ਼ਾਸ ਫ਼ਰਕ ਨਹੀਂ ਪੈਂਦਾ, ਪਰ ਪੁੱਤਰ ਦਾ ਵਿਆਹ ਕਰਨ ਉਪਰੰਤ ਉਹ ਆਪਣਾ ਸਾਰਾ ਸਾਮਰਾਜ ਬਦਲਿਆ-ਬਦਲਿਆ ਮਹਿਸੂਸ ਕਰਨ ਲੱਗ ਪੈਂਦੀ ਹੈ ਅਤੇ ਆਪਣੇ-ਆਪ ਨੂੰ ਆਪਣੇ ਮਨ ਦੇ ਖ਼ਿਆਲਾਂ ਨਾਲ ਘਰੇਲੂ ਸਾਮਰਾਜ ਦੀ ਮਹਾਰਾਣੀ ਐਲਾਨ ਲੈਂਦੀ ਹੈ। ਇੱਥੋਂ ਤਕ ਕਿ ਉਹ ਆਪਣੇ ਪੇਟੋਂ ਜੰਮੇ ਪੁੱਤ ਨੂੰ ਆਪਣੀ ਸਲਤਨਤ ਦਾ ਗ਼ੁਲਾਮ ਅਤੇ ਆਪਣੀ ਪਤਨੀ ਲਈ ਇੱਕ ਸਖ਼ਤ ਰਾਜਕੁਮਾਰ ਦੇਖਣਾ ਪਸੰਦ ਕਰਦੀ ਹੈ। ਹਾਲੇ ਤਕ ਸੱਸ ਦੇ ਇਸ ਮਾਨਸਿਕ ਸ਼ੌਕ ਜਾਂ ਮਜਬੂਰੀ ਦੇ ਕਾਰਨਾਂ ਦਾ ਕੋਈ ਠੋਸ ਪਤਾ ਨਹੀਂ ਲੱਗ ਸਕਿਆ। ਇਸ ਸਖ਼ਤ ਰਵੱਈਏ ਕਰਕੇ ਹੁਣ ਤਕ ਬਹੁ-ਗਿਣਤੀ ਵਿੱਚ ਨਵ-ਵਿਆਹੀਆਂ ਦੇ ਤਲਾਕ ਅਤੇ ਬਲੀਆਂ ਚੜ੍ਹੀਆਂ ਹਨ। ਸੱਸ ਰੂਪੀ ਨਾਮ ਦੇ ਡਰ ਦਾ ਅੰਦਾਜ਼ਾ ਇਸ ਗੱਲ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਹਰੇਕ ਕੁੜੀ ਨੂੰ ਵਿਆਹ ਪਿੱਛੋਂ ਹਰ ਇੱਕ ਦਾ ਇਹੀ ਸਵਾਲ ਹੁੰਦਾ ਹੈ 'ਤੇਰੀ ਸੱਸ ਕਿਹੋ-ਜਿਹੀ ਹੈ? ਉਸ ਦਾ ਸੁਭਾਅ ਕਿਵੇਂ ਹੈ? ਉਹ ਤੰਗ ਤਾਂ ਨੀਂ ਕਰਦੀ।' ਆਦਿ-ਆਦਿ। ਵੈਸੇ ਪੰਜੇ ਉਂਗਲਾਂ ਇੱਕਸਾਰ ਨਹੀਂ ਹੁੰਦੀਆਂ। ਕਈ ਪਰਿਵਾਰਾਂ ਵਿੱਚ ਸੱਸ ਅਤੇ ਨੂੰਹ ਸਕੀਆਂ ਮਾਵਾਂ-ਧੀਆਂ ਨਾਲੋਂ ਵੀ ਵੱਧ ਪਿਆਰ-ਸਤਿਕਾਰ ਨਾਲ ਰਹਿ ਰਹੀਆਂ ਹਨ ਅਤੇ ਅਜਿਹੀਆਂ ਔਰਤਾਂ ਸਮਾਜ ਲਈ ਉਦਾਹਰਨ ਵੀ ਬਣਦੀਆਂ ਹਨ, ਪਰ ਸਾਡੇ ਸਮਾਜ ਦੀ ਬਦਕਿਸਮਤੀ ਹੈ ਕਿ ਸਮੇਂ ਦੇ ਬਦਲਣ ਅਤੇ ਹਰ ਇੱਕ ਦੇ ਸਾਖਰ ਹੋਣ ਦੇ ਬਾਵਜੂਦ ਵੀ ਅਜਿਹੇ ਸਵਰਗ ਪਰਿਵਾਰਾਂ ਦੀ ਗਿਣਤੀ ਬਹੁਤ ਘੱਟ ਹੈ। ਜ਼ਿਆਦਾਤਰ ਸਹੁਰਾ ਪਰਿਵਾਰਾਂ ਵਿੱਚ ਸੱਸ ਕੋਲ ਹੀ ਸੁਪਰੀਮ ਪਾਵਰ ਹੁੰਦੀ ਹੈ ਜਿਹੜੀ ਔਰਤ ਸਿਆਣੀ ਹੁੰਦੀ ਹੈ ਉਹ ਆਪਣੀ ਤੀਖਣ ਬੁੱਧੀ ਅਤੇ ਸਮਾਜ ਦੇ ਹਾਣ ਦੀ ਹੋ ਕੇ ਘਰ ਨੂੰ ਸਵਰਗ ਬਣਾ ਦਿੰਦੀ ਹੈ ਅਤੇ ਇਸ ਦੀ ਵਿਰੋਧੀ ਔਰਤ ਆਪਣੇ ਹੀ ਹੱਸਦੇ-ਵੱਸਦੇ ਪਰਿਵਾਰ ਨੂੰ ਲੜਾਈ-ਕਲੇਸ਼ ਦਾ ਅੱਡਾ ਬਣਾ ਲੈਂਦੀ ਹੈ। ਇਸ ਲੜਾਈ ਕਲੇਸ਼ ਦਾ ਬੁਰਾ ਅਸਰ ਕੇਵਲ ਦੋ ਔਰਤਾਂ ਉੱਤੇ ਹੀ ਨਹੀਂ ਸਗੋਂ ਪਰਿਵਾਰ ਦੇ ਬਾਕੀ ਮੈਂਬਰਾਂ ਉੱਪਰ ਵੀ ਪੈਂਦਾ ਹੈ। ਸੱਸ ਅਤੇ ਨੂੰਹ ਵਿਚਕਾਰ ਹੋਣ ਵਾਲੀ ਨੋਕ-ਝੋਕ ਦੇ ਕੋਈ ਬਹੁਤ ਵੱਡੇ ਕਾਰਨ ਨਹੀਂ ਹੁੰਦੇ, ਬਸ ਕੁਝ ਛੋਟੀਆਂ-ਮੋਟੀਆਂ ਸਵੈ-ਹਉਮੈ ਕਾਰਨ ਪੈਦਾ ਹੋਈਆਂ ਮਾਨਸਿਕ ਉਲਝਣਾਂ ਹਨ। ਇਹ ਮਾਨਸਿਕ ਉਲਝਣਾਂ ਹੌਲੀ-ਹੌਲੀ ਇੱਕ ਘਾਤਕ ਬਿਮਾਰੀ ਦਾ ਰੂਪ ਧਾਰਨ ਕਰ ਲੈਂਦੀਆਂ ਹਨ ਅਤੇ ਮਨ ਅੰਦਰ ਨਫ਼ਰਤ ਅਤੇ ਈਰਖਾ ਦਾ ਪੱਕੇ ਤੌਰ 'ਤੇ ਘਰ ਬਣਾ ਲੈਂਦੀਆਂ ਹਨ। ਇਸ ਨਾਲ ਪਤੀ-ਪਤਨੀ ਦਰਮਿਆਨ ਨੋਕ-ਝੋਕ ਵਧ ਜਾਂਦੀ ਹੈ,ਤਣਾਅ ਵਧਣ ਲੱਗ ਪੈਂਦਾ ਹੈ। ਕਈ ਵਾਰ ਅਜਿਹੇ ਮਾਮਲਿਆਂ ਵਿੱਚ ਜਾਨੀ ਨੁਕਸਾਨ ਵੀ ਹੋ ਜਾਂਦਾ ਹੈ। ਅਜਿਹੇ ਹਾਲਾਤ ਦਾ ਬੱਚਿਆਂ ਉੱਪਰ ਬਹੁਤ ਗਹਿਰਾ ਅਸਰ ਪੈਂਦਾ ਹੈ। ਅਜੋਕਾ ਸਮਾਜ ਛੋਟੇ-ਛੋਟੇ ਪਰਿਵਾਰਾਂ ਦਾ ਸਮੂਹ ਰਹਿ ਗਿਆ ਹੈ, ਫਿਰ ਵੀ ਜ਼ਿਆਦਾਤਰ ਘਰਾਂ ਵਿੱਚ ਜਿਨ੍ਹਾਂ ਦੇ ਕੇਵਲ ਇੱਕ ਪੁੱਤਰ-ਧੀ ਹੁੰਦੇ ਹਨ, ਉੱਥੇ ਵੀ ਨੂੰਹ-ਸੱਸ ਦੇ ਰਿਸ਼ਤੇ ਵਿੱਚ ਤਰੇੜ ਆ ਜਾਂਦੀ ਹੈ ਅਤੇ ਸਿੱਟੇ ਵਜੋਂ ਮਾਂ-ਬਾਪ ਅਲੱਗ ਰਹਿੰਦੇ ਹਨ ਅਤੇ ਪਤੀ-ਪਤਨੀ ਅਲੱਗ। ਜਿਸ ਉਮਰ ਵਿੱਚ ਮਾਂ-ਬਾਪ ਨੂੰ ਆਪਣੀ ਸੇਵਾ ਕਰਾਉਣ ਦਾ ਵੇਲਾ ਹੁੰਦਾ ਹੈ ਉਹ ਆਪਣੇ ਸੁਭਾਅ ਜਾਂ ਆਪਣੇ ਪੁਰਾਣੇ ਖ਼ਿਆਲਾਂ ਕਾਰਨ ਇਕੱਲਤਾ ਦਾ ਜੀਵਨ ਬਤੀਤ ਕਰਦੇ ਹਨ। ਹੁਣ ਬਦਲਦੇ ਦੌਰ ਦੇ ਹਿਸਾਬ ਨਾਲ ਹਰ ਔਰਤ ਨੂੰ ਆਪਣੀ ਮਾਨਸਿਕਤਾ ਬਦਲਣੀ ਚਾਹੀਦੀ ਹੈ। ਇਸ ਦੀ ਸ਼ੁਰੂਆਤ ਜੇਕਰ ਵੱਡਿਆਂ ਭਾਵ ਸੱਸ ਵੱਲੋਂ ਕੀਤੀ ਜਾਵੇ ਤਾਂ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋਵੇਗੀ ਕਿਉਂਕਿ ਪਰਿਵਾਰ ਦੀ ਵੱਡੀ ਔਰਤ ਕੋਲ ਪੂਰੀ ਜ਼ਿੰਦਗੀ ਦਾ ਲੰਬਾ ਤਜਰਬਾ ਹੁੰਦਾ ਹੈ। ਉਸਨੇ ਨੂੰਹ-ਸੱਸ ਦੇ ਰਿਸ਼ਤੇ ਨੂੰ ਇੱਕ ਲੰਬਾ ਸਮਾਂ ਮਾਣਿਆ ਹੁੰਦਾ ਹੈ। ਉਸਨੂੰ ਆਪਣੇ-ਆਪ ਨੂੰ ਸਮੇਂ ਦੇ ਹਿਸਾਬ ਨਾਲ ਬਦਲ ਕੇ ਆਪਣੇ ਪੁੱਤ-ਨੂੰਹ ਦੀ ਜ਼ਿੰਦਗੀ ਨੂੰ ਖ਼ੁਸ਼ਹਾਲ ਬਣਾਉਣ ਲਈ ਉਨ੍ਹਾਂ ਅੱਗੇ ਰਾਹ ਦਾ ਰੋੜਾ ਨਹੀਂ ਸਗੋਂ ਸਿਆਣਪ ਅਤੇ ਯੋਗ ਅਗਵਾਈ ਨਾਲ ਅਗਾਂਹ ਵੱਲ ਨੂੰ ਤੋਰਨਾ ਚਾਹੀਦਾ ਹੈ। ਉਸ ਵੱਲੋਂ ਆਪਣੇ ਨੂੰਹ-ਪੁੱਤ ਨੂੰ ਤਿਆਰ ਹੋ ਕੇ ਕਿਧਰੇ ਜਾਂਦਿਆਂ ਵੇਖ ਕੇ ਗੁੱਸਾ ਜਾਂ ਈਰਖਾ ਨਹੀਂ ਕਰਨੀ ਚਾਹੀਦੀ ਸਗੋਂ ਹੱਸ ਕੇ ਤੋਰਨਾ ਚਾਹੀਦਾ ਹੈ। ਆਪਣੀ ਧੀ ਵਾਂਗ ਨੂੰਹ ਦੇ ਸ਼ੌਕ ਵੀ ਪੁਗਾਉਣੇ ਚਾਹੀਦੇ ਹਨ। ਬਿਨਾਂ ਗੱਲ ਤੋਂ ਰੋਕ-ਟੋਕ ਨਹੀਂ ਕਰਨੀ ਚਾਹੀਦੀ। ਕਈ ਵਾਰ ਨਵੀਆਂ ਵਿਆਹੀਆਂ ਕੁੜੀਆਂ ਤੋਂ ਕੁਝ ਖਾਣ-ਪੀਣ ਦਾ ਸਾਮਾਨ ਬਣਾਉਣ ਜਾਂ ਹੋਰ ਘਰੇਲੂ ਕੰਮ ਵਿੱਚ ਕੋਈ ਗ਼ਲਤੀ ਹੋ ਜਾਂਦੀ ਹੈ ਤਾਂ ਸੱਸ ਨੂੰ ਚਾਹੀਦਾ ਹੈ ਕਿ ਉਹ ਗ਼ਲਤੀ ਦਾ ਅਹਿਸਾਸ ਕਰਾਉਣ ਦੀ ਬਜਾਏ ਪਿਆਰ ਨਾਲ ਸਮਝਾਵੇ ਤਾਂ ਕਿ ਇੱਕ-ਦੂਜੇ ਮਨ ਅੰਦਰ ਕਿਸੇ ਤਰ੍ਹਾਂ ਦੀ ਹੀਣ-ਭਾਵਨਾ ਨਾ ਪੈਦਾ ਹੋਵੇ ਅਤੇ ਆਪਸੀ ਪਿਆਰ ਕਾਇਮ ਰਹਿ ਸਕੇ। ਜਿਹੜੇ ਕੰਮ ਨੂੰਹ ਨੂੰ ਨਾ ਆਉਂਦੇ ਹੋਣ ਉਨ੍ਹਾਂ ਨੂੰ ਉਸ ਦੀ ਸਿੱਖਣ ਸਮਰੱਥਾ ਦੇ ਹਿਸਾਬ ਨਾਲ ਸਿਖਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਗੱਲ-ਗੱਲ 'ਤੇ ਖ਼ੁਦ ਨੂੰ ਉੱਤਮ ਸਮਝਣ, ਦੂਜੇ 'ਤੇ ਰੋਅਬ ਝਾੜਣ ਜਾਂ ਨੀਵਾਂ ਦਿਖਾਉਣ ਨਾਲ ਸਬੰਧ ਖ਼ਰਾਬ ਹੀ ਹੁੰਦੇ ਹਨ। ਇਸ ਤੋਂ ਇਲਾਵਾ ਹਰ ਇੱਕ ਮਾਂ-ਬਾਪ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਆਪਣੀ ਧੀ ਨੂੰ ਚੰਗੀ ਵਿੱਦਿਆ ਦੇ ਨਾਲ-ਨਾਲ ਘਰੇਲੂ ਸੰਸਕਾਰਾਂ ਤੋਂ ਵੀ ਚੰਗੀ ਤਰ੍ਹਾਂ ਜਾਣੂ ਕਰਾਉਣ ਤਾਂ ਕਿ ਉਹ ਆਪਣੇ ਆਉਣ ਵਾਲੇ ਜੀਵਨ ਦੀਆਂ ਮੁਸੀਬਤਾਂ ਨੂੰ ਇੱਕ ਸੁਚੱਜੀ ਔਰਤ ਦੇ ਰੂਪ ਵਿੱਚ ਨਜਿੱਠਣਾ ਸਿੱਖ ਲੈਣ। ਨੂੰਹ ਬਣਨ ਉਪਰੰਤ ਉਹ ਆਪਣੇ ਸਹੁਰੇ ਪਰਿਵਾਰ ਦੇ ਰੀਤੀ-ਰਿਵਾਜਾਂ ਨੂੰ ਚੰਗੀ ਤਰ੍ਹਾਂ ਸਮਝ ਅਤੇ ਉਨ੍ਹਾਂ ਨੂੰ ਆਪਣੀ ਚੋਖੀ ਸੂਝ ਮੁਤਾਬਿਕ ਨਿਭਾਉਣ ਦਾ ਯਤਨ ਕਰ ਸਕਣ। ਉਹ ਆਪਣੀ ਸੱਸ ਦਾ ਮਾਂ ਵਾਂਗ ਹੀ ਸਤਿਕਾਰ ਕਰਨ। ਉਹ ਆਪਣੀ ਤੀਖਣ ਬੁੱਧੀ ਰਾਹੀਂ ਆਪਣੀ ਸੱਸ ਨੂੰ ਹੌਲੀ-ਹੌਲੀ ਪੁਰਾਣੇ ਖ਼ਿਆਲਾਂ ਵਿੱਚੋਂ ਕੱਢ ਕੇ ਨਵੀਂ ਸੱਭਿਅਤਾ ਦੇ ਹਾਣ ਦਾ ਬਣਾਉਣ ਵਿੱਚ ਮਦਦ ਕਰਨ ਤਾਂ ਕਿ ਉਸ ਦਾ ਸਾਰਾ ਪਰਿਵਾਰ ਇੱਕ ਸੁਖਾਵੇਂ ਮਾਹੌਲ ਦਾ ਆਨੰਦ ਮਾਣ ਸਕੇ।

ਬਜ਼ੁਰਗਾਂ ਪ੍ਰਤੀ ਨਜ਼ਰੀਆ ਬਦਲੋ

ਗੁਰਤੇਜ ਸਿੰਘ



ਰਿਸ਼ਤਿਆਂ ਦਾ ਨਿੱਘ ਅਤੇ ਜ਼ਿੰਮੇਵਾਰੀਆਂ ਨਿਭਾਉਣ ਦੀ ਕਲਾ ਇਨਸਾਨ ਨੇ ਪਰਿਵਾਰ ਵਿੱਚ ਰਹਿ ਕੇ ਸਿੱਖੀ ਹੈ। ਆਦਿ ਮਾਨਵ ਤੋਂ ਮਨੁੱਖ ਬਣਨ ਤਕ ਦਾ ਸਫ਼ਰ ਪਰਿਵਾਰ 'ਤੇ ਆ ਕੇ ਮੁੱਕਿਆ ਹੈ। ਅਸੱਭਿਅਕ ਨੂੰ ਸੱਭਿਅਕ ਬਣਾਉਣਾ ਸਮਾਜ ਦੇ ਨਾਲ ਪਰਿਵਾਰ ਦੇ ਵੱਡੇ ਜੀਆਂ ਦੀ ਜ਼ਿੰਮੇਵਾਰੀ ਹੁੰਦੀ ਹੈ। ਪਰਿਵ

ਸੰਪਾਦਕੀ

ਸਰਕਾਰੀ ਕਰਮਚਾਰੀਆਂ ਅਤੇ ਨਿੱਜੀ ਅਪਰੇਟਰਾਂ ਵਿਚਕਾਰਲੇ ਚਿੰਤਾਜਨਕ ਗੱਠਜੋੜ

ਪੰਜਾਬ ਵਿੱਚ 2004-05 ਦੇ ਚੌਲ ਖ਼ਰੀਦ ਘੁਟਾਲੇ ਵਿੱਚ ਭਾਰਤੀ ਖ਼ੁਰਾਕ ਨਿਗਮ (ਐੱਫ ਸੀ ਆਈ) ਦੇ 14 ਅਧਿਕਾਰੀਆਂ ਸਮੇਤ 30 ਵਿਅਕਤੀਆਂ ਨੂੰ ਸਜ਼ਾ ਮਿਲਣਾ, ਸਰਕਾਰੀ ਕਰਮਚਾਰੀਆਂ ਅਤੇ ਨਿੱਜੀ ਅਪਰੇਟਰਾਂ ਵਿਚਕਾਰਲੇ ਚਿੰਤਾਜਨਕ ਗੱਠਜੋੜ ਨੂੰ ਬੇਨਕਾਬ ਕਰਦਾ ਹੈ। ਜਿਨ੍ਹਾਂ ਲੋਕਾਂ ਨੂੰ ਅਨਾਜ ਦੀ ਗੁਣਵੱਤਾ ਦੀ ਰੱਖਿਆ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ, ਉਨ੍ਹਾਂ ਉੱਤੇ ਦੋਸ਼ ਹੈ ਕਿ ਉਨ੍ਹਾਂ ਨੇ ਮਾਲੇਰਕੋਟਲਾ, ਸੁਨਾਮ ਅਤੇ ਤਪਾ ਦੇ ਖ਼ਰੀਦ ਕੇਂਦਰਾਂ ਵਿੱਚ ਘਟੀਆ ਕਿਸਮ ਦੇ ਅਨਾਜ ਨੂੰ 'ਏ-ਗ੍ਰੇਡ' ਚੌਲ ਵਜੋਂ ਪਾਸ ਕਰਨ ਲਈ ਰਾਈਸ ਮਿੱਲਰਾਂ ਨਾਲ ਮਿਲੀਭੁਗਤ ਕੀਤੀ। ਇਸ ਧੋਖਾਧੜੀ ਦਾ ਪਤਾ ਸਤੰਬਰ 2005 ਵਿੱਚ ਸੀ ਬੀ ਆਈ ਦੀ ਅਚਨਚੇਤ ਚੈਕਿੰਗ ਦੌਰਾਨ ਲੱਗਿਆ ਸੀ ਅਤੇ ਲੈਬਾਰਟਰੀ ਟੈਸਟਾਂ ਵਿੱਚ ਗੁਣਵੱਤਾ ਦੀਆਂ ਗੰਭੀਰ ਕੁਤਾਹੀਆਂ ਦੀ ਪੁਸ਼ਟੀ ਹੋਈ ਸੀ। ਪ੍ਰਬੰਧਕੀ ਨਾਕਾਮੀ ਦਾ ਇਹ ਪਸਾਰਾ ਬੇਹੱਦ ਚਿੰਤਾਜਨਕ ਹੈ। ਸਾਲ 2006 ਦੇ ਇੱਕ ਸੰਸਦੀ ਖ਼ੁਲਾਸੇ ਤੋਂ ਪਤਾ ਲੱਗਾ ਸੀ ਕਿ ਸੀ ਬੀ ਆਈ ਨੇ ਐੱਫ ਸੀ ਆਈ ਦੇ 83 ਅਧਿਕਾਰੀਆਂ ਅਤੇ 330 ਨਿੱਜੀ ਮਿੱਲਰਾਂ ਖ਼ਿਲਾਫ਼ ਤਿੰਨ ਕੇਸ ਦਰਜ ਕੀਤੇ ਸਨ। ਇਸ ਤੋਂ ਇਲਾਵਾ, ਕੈਗ (ਸੀ ਏ ਜੀ) ਦੇ ਇੱਕ ਆਡਿਟ ਵਿੱਚ ਸਾਹਮਣੇ ਆਇਆ ਕਿ ਸੀ ਬੀ ਆਈ ਵੱਲੋਂ ਭਰੇ ਗਏ ਚੌਲਾਂ ਦੇ 451 ਨਮੂਨਿਆਂ ਵਿੱਚੋਂ 441 ਗੁਣਵੱਤਾ ਦੀ ਪਰਖ ਵਿੱਚ ਫ਼ੇਲ੍ਹ ਹੋ ਗਏ ਸਨ। ਸਾਹਮਣੇ ਆਏ ਇਹ ਤੱਥ ਜਾਂਚ, ਨਿਗਰਾਨੀ ਅਤੇ ਜਵਾਬਦੇਹੀ ਵਿੱਚ ਮੌਜੂਦ ਵੱਡੀਆਂ ਖ਼ਾਮੀਆਂ ਨੂੰ ਬੇਨਕਾਬ ਕਰਦੇ ਹਨ। ਘਟੀਆ ਅਨਾਜ ਨੂੰ ਪ੍ਰਵਾਨ ਕਰਨ ਨਾਲ ਜਨਤਕ ਧਨ ਦੀ ਬਰਬਾਦੀ ਤਾਂ ਹੁੰਦੀ ਹੀ ਹੈ, ਨਾਲ ਹੀ ਉਸ ਖ਼ਰੀਦ ਪ੍ਰਣਾਲੀ ਦੀ ਭਰੋਸੇਯੋਗਤਾ ਨੂੰ ਵੀ ਵੱਡਾ ਖੋਰਾ ਲਗਦਾ ਹੈ ਜੋ ਲੱਖਾਂ ਲੋਕਾਂ ਦੀ ਅਨਾਜ ਸੁਰੱਖਿਆ ਦਾ ਮੁੱਖ ਆਧਾਰ ਹੈ। ਦੋਸ਼ੀਆਂ ਨੂੰ ਇੱਕ ਤੋਂ ਤਿੰਨ ਸਾਲ ਤੱਕ ਦੀ ਕੈਦ ਦੀ ਸਜ਼ਾ ਸੁਣਾਉਣਾ ਸੁਆਗਤਯੋਗ ਕਦਮ ਹੈ। ਪਰ ਘੁਟਾਲੇ ਦਾ ਪਤਾ ਲੱਗਣ ਅਤੇ ਫ਼ੈਸਲੇ ਆਉਣ ਵਿੱਚ 20 ਸਾਲ ਦਾ ਲੰਮਾ ਵਕਫ਼ਾ ਬੇਹੱਦ ਚਿੰਤਾਜਨਕ ਹੈ। ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿੱਚ ਦੇਰੀ ਨਾਲ ਮਿਲਣ ਵਾਲਾ ਇਨਸਾਫ਼ ਅਪਰਾਧੀਆਂ ਦੇ ਮਨੋਂ ਕਾਨੂੰਨ ਦਾ ਡਰ ਘਟਾਉਂਦਾ ਹੈ, ਸਬੂਤਾਂ ਅਤੇ ਅਦਾਰੇ ਦੀ ਯਾਦਦਾਸ਼ਤ ਨੂੰ ਧੁੰਦਲਾ ਕਰਦਾ ਹੈ ਅਤੇ ਲੋਕਾਂ ਦੇ ਭਰੋਸੇ ਨੂੰ ਠੇਸ ਪਹੁੰਚਾਉਂਦਾ ਹੈ। ਜਦੋਂ ਮੁਕੱਦਮਾ ਚਲਾਉਣ ਅਤੇ ਨਿਆਂ ਮਿਲਣ ਵਿੱਚ ਦੋ ਦਹਾਕੇ ਲੱਗ ਜਾਣ ਤਾਂ ਅਪਰਾਧੀਆਂ ਨੂੰ ਕੋਈ ਸਖ਼ਤ ਸੁਨੇਹਾ ਨਹੀਂ ਜਾਂਦਾ। ਨਿਆਂਇਕ ਪ੍ਰਕਿਰਿਆ ਨਾਲ ਸਮਝੌਤਾ ਕੀਤੇ ਬਿਨਾਂ ਫ਼ੈਸਲੇ ਜਲਦੀ ਯਕੀਨੀ ਬਣਾਉਣ ਲਈ ਵਿਸ਼ੇਸ਼ ਅਦਾਲਤਾਂ, ਸਮਾਂਬੱਧ ਜਾਂਚ, ਲੋੜੀਂਦੇ ਸਰਕਾਰੀ ਵਕੀਲ ਅਤੇ ਜਨਤਕ ਧਨ ਨਾਲ ਜੁੜੇ ਕੇਸਾਂ ਦੀ ਸਖ਼ਤ ਨਿਗਰਾਨੀ ਬਹੁਤ ਜ਼ਰੂਰੀ ਹੈ। ਇਸ ਘਟਨਾ ਤੋਂ ਮਿਲਣ ਵਾਲਾ ਸਬਕ ਸਿਰਫ਼ ਦੋਸ਼ੀਆਂ ਨੂੰ ਸਜ਼ਾ ਦੇਣ ਤੱਕ ਹੀ ਸੀਮਤ ਨਹੀਂ ਹੋਣਾ ਚਾਹੀਦਾ। ਨਿਰਪੱਖ ਗੁਣਵੱਤਾ ਦੀ ਪਰਖ, ਅਚਨਚੇਤ ਚੈਕਿੰਗ, ਡਿਜੀਟਲ ਨਿਗਰਾਨੀ ਅਤੇ ਨਿਗਰਾਨ ਅਧਿਕਾਰੀਆਂ ਦੀ ਜਵਾਬਦੇਹੀ ਨੂੰ ਤੁਰੰਤ ਮਜ਼ਬੂਤ ਕੀਤੇ ਜਾਣ ਦੀ ਲੋੜ ਹੈ। ਇਸ ਵਿਆਪਕ ਜਾਂਚ ਨੂੰ ਵੀ ਇਸ ਦੇ ਤਰਕਸੰਗਤ ਅੰਤ ਤੱਕ ਪਹੁੰਚਾਇਆ ਜਾਣਾ ਚਾਹੀਦਾ ਹੈ ਅਤੇ ਜਿੱਥੇ ਵੀ ਨੁਕਸਾਨ ਸਾਬਤ ਹੋਵੇ, ਉੱਥੇ ਸਰਕਾਰੀ ਖ਼ਜ਼ਾਨੇ ਨੂੰ ਹੋਏ ਨੁਕਸਾਨ ਦੀ ਪੂਰਤੀ ਦੇ ਯਤਨ ਵੀ ਕੀਤੇ ਜਾਣੇ ਚਾਹੀਦੇ ਹਨ।

ਪਿੰਡ ਨਾਰੂ ਨੰਗਲ ਵਿਖੇ ਨਾਲਸਾ ਦੀਆਂ ਯੋਜਨਾਵਾਂ ਪ੍ਰਤੀ ਜਾਗਰੂਕ ਕਰਨ ਲਈ ਸੈਮੀਨਾਰ ਲਗਾਇਆ

ਹੁਸ਼ਿਆਰਪੁਰ, 22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਜਿੰਦਰ ਅਗਰਵਾਲ ਦੇ ਹੁਕਮਾਂ ਤਹਿਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜ਼ਿਲ੍ਹੇ ਵਿੱਚ ਨਾਲਸਾ ਦੀਆਂ 13 ਯੋਜਨਾਵਾਂ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਹ ਮੁਹਿੰਮ 14 ਜਨਵਰੀ 2027 ਤੱਕ ਜਾਰੀ ਰਹੇਗਾ।

ਇਸ ਮੁਹਿੰਮ ਤਹਿਤ ਸੋਮਵਾਰ ਨੂੰ ਪਿੰਡ ਨਾਰੂ ਨੰਗਲ, ਹੁਸ਼ਿਆਰਪੁਰ ਵਿਖੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਦੀ ਪ੍ਰਧਾਨਗੀ ਪੈਨਲ ਐਡਵੋਕੇਟ ਰੇਨੂ ਨੇ ਕੀਤੀ। ਇਸ ਮੌਕੇ ਸੀ.ਜੇ.ਐੱਮ.-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਨੀਰਜ ਗੋਇਲ ਨੇ ਦੱਸਿਆ ਕਿ ਇਸ ਮੁਹਿੰਮ ਦਾ ਮੁੱਖ ਉਦੇਸ਼ ਪੇਂਡੂ ਖੇਤਰਾਂ ਦੇ ਲੋਕਾਂ ਨੂੰ ਉਨ੍ਹਾਂ ਦੇ ਕਾਨੂੰਨੀ ਅਧਿਕਾਰਾਂ, ਸਰਕਾਰੀ ਯੋਜਨਾਵਾਂ ਅਤੇ ਮੁਫ਼ਤ ਕਾਨੂੰਨੀ ਸਹਾਇਤਾ ਸਬੰਧੀ ਜਾਣਕਾਰੀ ਮੁਹੱਈਆ ਕਰਵਾਉਣਾ ਹੈ।

ਉਨ੍ਹਾਂ ਦੱਸਿਆ ਕਿ ਸੈਮੀਨਾਰ ਦੌਰਾਨ ਪਿੰਡ ਵਾਸੀਆਂ ਨੂੰ ਨਾਲਸਾ ਦੀਆਂ ਵੱਖ-ਵੱਖ ਯੋਜਨਾਵਾਂ ਤਹਿਤ ਮਿਲਣ ਵਾਲੇ ਲਾਭਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਤੋਂ ਇਲਾਵਾ ਪੈਰਾ ਲੀਗਲ ਵਲੰਟੀਅਰਾਂ ਵੱਲੋਂ ਮੁਫ਼ਤ ਕਾਨੂੰਨੀ ਸੇਵਾਵਾਂ ਨਾਲ ਸਬੰਧਤ ਪ੍ਰਚਾਰ ਸਮੱਗਰੀ ਵੀ ਵੰਡੀ ਗਈ।

ਇਸੇ ਲੜੀ ਤਹਿਤ ਪੈਰਾ ਲੀਗਲ ਵਲੰਟੀਅਰ ਸੁਲਕਸ਼ਣ ਪਾਲ ਸਿੰਘ ਖੁੱਤਣ ਅਤੇ ਕੁਲਵਿੰਦਰ ਕੌਰ ਨੇ ਪਿੰਡ ਵਿੱਚ ਘਰ-ਘਰ ਜਾ ਕੇ ਲੋਕਾਂ ਨੂੰ ਵੱਖ-ਵੱਖ ਸਰਕਾਰੀ ਦਸਤਾਵੇਜ਼ ਬਣਵਾਉਣ ਵਿੱਚ ਆ ਰਹੀਆਂ ਮੁਸ਼ਕਲਾਂ ਦੇ ਹੱਲ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ (ਈ.ਡਬਲਿਊ.ਐੱਸ.) ਸਰਟੀਫਿਕੇਟ, ਆਧਾਰ ਕਾਰਡ, ਵੋਟਰ ਕਾਰਡ, ਲੇਬਰ ਕਾਰਡ, ਮਨਰੇਗਾ ਜੌਬ ਕਾਰਡ, ਪੈਨ ਕਾਰਡ, ਬੁਢਾਪਾ ਪੈਨਸ਼ਨ, ਸੀਨੀਅਰ ਸਿਟੀਜ਼ਨ ਕਾਰਡ, ਵਿਧਵਾ ਪੈਨਸ਼ਨ, 18 ਸਾਲ ਤੋਂ ਘੱਟ ਉਮਰ ਦੇ ਆਸ਼ਰਿਤ ਬੱਚਿਆਂ ਦੀ ਪੈਨਸ਼ਨ, ਦਿਵਿਆਂਗਤਾ ਸਰਟੀਫਿਕੇਟ ਅਤੇ ਪੈਨਸ਼ਨ, ਤੇਜ਼ਾਬ ਹਮਲੇ ਦੇ ਪੀੜਤਾਂ ਦੀ ਪੈਨਸ਼ਨ, ਅਨੁਸੂਚਿਤ ਜਾਤੀ ਅਤੇ ਪਛੜੀਆਂ ਸ਼੍ਰੇਣੀਆਂ ਦੇ ਸਰਟੀਫਿਕੇਟ, ਜਨਮ ਸਰਟੀਫਿਕੇਟ ਅਤੇ ਮੁੱਖ ਮੰਤਰੀ ਸਿਹਤ ਯੋਜਨਾ ਕਾਰਡ ਬਣਵਾਉਣ ਦੀ ਪ੍ਰਕਿਰਿਆ ਬਾਰੇ ਜਾਣਕਾਰੀ ਦਿੱਤੀ।

ਇਸ ਦੇ ਨਾਲ ਹੀ ਸਾਬਕਾ ਸੈਨਿਕਾਂ ਦੀਆਂ ਸਮੱਸਿਆਵਾਂ, ਉਨ੍ਹਾਂ ਦੇ ਕਾਨੂੰਨੀ ਅਧਿਕਾਰਾਂ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਮੁਫ਼ਤ ਕਾਨੂੰਨੀ ਸੇਵਾਵਾਂ ਬਾਰੇ ਵੀ ਜਾਗਰੂਕ ਕੀਤਾ ਗਿਆ, ਤਾਂ ਜੋ ਲੋੜਵੰਦ ਲੋਕਾਂ ਦੀਆਂ ਸਮੱਸਿਆਵਾਂ ਦਾ ਸਮੇਂ ਸਿਰ ਹੱਲ ਯਕੀਨੀ ਬਣਾਇਆ ਜਾ ਸਕੇ।

ਪੈਨਸ਼ਨਰ ਸੇਵਾ ਮੇਲੇ ਦਾ ਵੱਧ ਤੋਂ ਵੱਧ ਲਾਭ ਉਠਾਉਣ ਪੈਨਸ਼ਨਰ : ਜ਼ਿਲ੍ਹਾ ਖ਼ਜ਼ਾਨਾ ਅਫ਼ਸਰ

ਫਾਜ਼ਿਲਕਾ, 22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਤਜਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵਿੱਤ ਵਿਭਾਗ ਵਲੋਂ ਪੈਨਸ਼ਨਰਾਂ/ਫੈਮਿਲੀ ਪੈਨਸ਼ਨਰਾਂ ਦੀ ਸੁਵਿਧਾ ਲਈ ਮਿਤੀ 3-11-2025 ਤੋਂ ਪੈਨਸ਼ਨਰ ਸੇਵਾ ਪੋਰਟਲ ਲਾਗੂ ਕੀਤਾ ਗਿਆ ਹੈ, ਜਿਸ ਰਾਹੀਂ ਮਹੀਨਾਵਾਰ ਪੈਨਸ਼ਨ ਦੀ ਅਕਾਉਂਟਿੰਗ, ਈ-ਪੀ.ਪੀ.ਓ, ਪੈਨਸ਼ਨ ਡਾਟਾ, ਸਿ ?ਕਾਇਤ ਨਿਵਾਰਨ, ਸਕਸੈਸ਼ਨ ਮੋਡਿਊਲ ਆਦਿ ਦਾ ਉਪਬੰਧ ਕੀਤਾ ਗਿਆ ਹੈ। ਇਸ ਲਈ ਪੰਜਾਬ ਦੇ ਸਾਰੇ ਪੈਨਸ਼ਨਰਾਂ (ਸੇਵਾ ਨਵਿਰਤ ਹੋਏ)/ਫੈਮਲੀ ਪੈਨਸ਼ਨਰਾਂ ਦਾ ਡਿਜੀਟਲ ਲਾਈਫ ਸਰਟੀਫਿਕੇਟ ਅਪਲੋਡ ਕੀਤਾ ਜਾਣਾ ਹੈ। ਇਸ ਕੰਮ ਲਈ ਵਿੱਤ ਵਿਭਾਗ ਵਲੋਂ ਫਾਜ਼ਿਲਕਾ ਦੇ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਵਿਖੇ ਮਿਤੀ 19 ਨੰਵਬਰ ਤੋਂ 21 ਨੰਵਬਰ 2026 ਤੱਕ ਪੈਨਸ਼ਨਰ ਸੇਵਾ ਮੇਲਾ ਕਰਵਾਇਆ ਜਾ



ਰਿਹਾ ਹੈ। ਇਸ ਲਈ ਉਨ੍ਹਾਂ ਰਹਿੰਦੇ ਸਮੂਹ ਪੈਨਸ਼ਨਰਾਂ ਨੂੰ ਅਪੀਲ ਕੀਤੀ ਕਿ ਉਹ ਮਿਤੀ 19, 20 ਅਤੇ 21 ਨੰਵਬਰ ਨੂੰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਖ਼ਜ਼ਾਨਾ ਦਫ਼ਤਰ ਫਾਜ਼ਿਲਕਾ ਵਿਖੇ ਲਗਾਏ ਜਾ ਰਹੇ ਪੈਨਸ਼ਨਰ ਸੇਵਾ ਮੇਲੇ ਵਿੱਚ ਆਪਣੀ ਈ-ਕੇ.ਵਾਈ.ਸੀ ਅਤੇ ਡਿਜੀਟਲ ਲਾਈਫ ਸਰਟੀਫਿਕੇਟ ਅਪਲੋਡ ਕਰਵਾ ਕੇ ਪੈਨਸ਼ਨਰ ਸੇਵਾ ਪੋਰਟਲ ਦਾ ਲਾਭ ਉਠਾਉਣ।

ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਨੇ ਇਹ ਵੀ ਦੱਸਿਆ ਕਿ ਇਸ ਮੇਲੇ ਦੌਰਾਨ ਪੈਨਸ਼ਨਰ ਖ਼ਜ਼ਾਨਾ ਦਫ਼ਤਰ ਅਬੋਹਰ ਅਤੇ ਖ਼ਜ਼ਾਨਾ ਦਫ਼ਤਰ ਜਲਾਲਾਬਾਦ ਵਿਖੇ ਵੀ ਆਪਣੀ ਕੇ. ਵਾਈ. ਸੀ. ਅਤੇ ਡਿਜਿਟਲ ਲਾਇਫ ਸਰਟੀਫਿਕੇਟ ਕਰਵਾ ਸਕਦੇ ਹਨ। ਇਸ ਮੇਲੇ ਵਿਚ ਪਹੁੰਚਣ ਵਾਲੇ ਪੈਨਸ਼ਨਰ ਆਪਣੇ ਨਾਲ ਪੀ.ਪੀ.ਓ ਦੀ ਕਾਪੀ, ਆਧਾਰ ਕਾਰਡ, ਬੈਂਕ ਪਾਸ ਬੁੱਕ ਅਤੇ ਆਧਾਰ ਕਾਰਡ ਨਾਲ ਲਿੰਕਡ ਮੋਬਾਈਲ ਫੋਨ ਜ਼ਰੂਰ ਲੈ ਕੇ ਆਉਣ। ਉਨ੍ਹਾਂ ਵਲੋਂ ਇਹ ਵੀ ਸਪੱਸ਼ਟ ਕੀਤਾ ਗਿਆ ਕਿ ਜਿਹੜੇ ਪੈਨਸ਼ਨਰਾਂ ਵਲੋਂ ਈ-ਕੇ.ਵਾਈ.ਸੀ ਨਹੀਂ ਕਰਵਾਈ ਜਾਵੇਗੀ ਅਤੇ ਡਿਜੀਟਲ ਲਾਈਫ ਸਰਟੀਫਿਕੇਟ ਨਹੀਂ ਦਿੱਤਾ ਜਾਵੇਗਾ, ਉਨ੍ਹਾਂ ਨੂੰ ਭਵਿੱਖ ਵਿੱਚ ਮਿਲਣ ਵਾਲੀ ਪੈਨਸ਼ਨ ਪ੍ਰਾਪਤ ਕਰਨ ਵਿੱਚ ਦਿੱਕਤ ਆ ਸਕਦੀ ਹੈ ਜਾਂ ਪੈਨਸ਼ਨ 'ਤੇ ਰੋਕ ਵੀ ਲੱਗ ਸਕਦੀ ਹੈ।

ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਪ੍ਰਿਯਾਂਕ ਕਾਨੂੰਨਗੋ



ਗੁਰਦਾਸਪੁਰ, 22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਾਣਯੋਗ ਮੈਂਬਰ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ, ਭਾਰਤ ਸਰਕਾਰ ਸ੍ਰੀ ਪ੍ਰਿਯਾਂਕ ਕਾਨੂੰਨਗੋ ਅੱਜ ਧਾਰੀਵਾਲ ਵਿਖੇ ਸਥਿਤ ਹਿੰਦੂ ਕੰਨਿਆ ਮਹਾਂਵਿਦਿਆਲਾ ਵਿਖੇ ਕਰਵਾਏ ਗਏ ਸੈਮੀਨਾਰ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਉਨ੍ਹਾਂ ਨੇ ਵਿਦਿਆਰਥਣਾਂ ਨੂੰ ਮਨੁੱਖੀ ਅਧਿਕਾਰਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਆਪਣੇ ਸੰਵਿਧਾਨਕ ਤੇ ਬੁਨਿਆਦੀ ਹੱਕਾਂ ਪ੍ਰਤੀ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਹਰ ਨਾਗਰਿਕ ਨੂੰ ਆਪਣੇ ਅਧਿਕਾਰਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਹੋਣ 'ਤੇ ਉਹ ਆਪਣੇ ਹੱਕਾਂ ਲਈ ਆਵਾਜ਼ ਉਠਾ ਸਕੇ।

ਇਸ ਤੋਂ ਬਾਅਦ ਸ੍ਰੀ ਪ੍ਰਿਯਾਂਕ ਕਾਨੂੰਨਗੋ ਪਿੰਡ ਕਲੇਰ ਕਲਾਂ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਨੇ ਲੋਕਾਂ ਦੀਆਂ ਸਮੱਸਿਆਵਾਂ ਅਤੇ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਸੁਣਿਆ। ਉਨ੍ਹਾਂ ਨੇ ਇਕੱਲੇ-ਇਕੱਲੇ ਸ਼ਿਕਾਇਤਕਰਤਾ ਕੋਲ ਜਾ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਬਾਰੇ ਜਾਣਕਾਰੀ ਹਾਸਲ ਕੀਤੀ ਅਤੇ ਭਰੋਸਾ ਦਿਵਾਇਆ ਕਿ ਹਰੇਕ ਸ਼ਿਕਾਇਤ ਦਾ ਨਿਯਮਾਂ ਅਨੁਸਾਰ ਯੋਗ ਹੱਲ ਕਰਵਾਇਆ ਜਾਵੇਗਾ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਵੀ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਪਹਿਲ ਦੇ ਆਧਾਰ 'ਤੇ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਕਿਹਾ ਕਿ ਖੁੱਲ੍ਹੀ ਸੁਣਵਾਈ ਲੋਕਾਂ ਨੂੰ ਆਪਣੀਆਂ ਸਮੱਸਿਆਵਾਂ ਸਿੱਧੇ ਸਬੰਧਤ ਅਧਿਕਾਰੀਆਂ ਦੇ ਸਾਹਮਣੇ ਰੱਖਣ ਦਾ ਮੌਕਾ ਪ੍ਰਦਾਨ ਕਰਦੀ ਹੈ। ਇਹ ਜਨਤਾ ਦੀ ਅਦਾਲਤ ਹੈ, ਜਿੱਥੇ ਹਰੇਕ ਵਿਅਕਤੀ ਨੂੰ ਆਪਣੀ ਗੱਲ ਰੱਖਣ ਦਾ ਪੂਰਾ ਅਧਿਕਾਰ ਹੈ। ਪ੍ਰਸ਼ਾਸਨ ਅਤੇ ਸਬੰਧਤ ਵਿਭਾਗਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਲੋਕਾਂ ਦੀਆਂ ਸ਼ਿਕਾਇਤਾਂ ਨੂੰ ਪੂਰੀ ਸੰਵੇਦਨਸ਼ੀਲਤਾ ਨਾਲ ਸੁਣਨ ਅਤੇ ਬਿਨਾਂ ਕਿਸੇ ਬੇਲੋੜੀ ਖੱਜਲ-ਖੁਆਰੀ ਦੇ ਸਮਾਂਬੱਧ ਨਿਪਟਾਰਾ ਯਕੀਨੀ ਬਣਾਉਣ।

ਉਨ੍ਹਾਂ ਨੇ ਕਿਹਾ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਜੇਕਰ ਕਿਸੇ ਵੀ ਵਿਅਕਤੀ ਨਾਲ ਕਿਤੇ ਵੀ ਮਨੁੱਖੀ ਅਧਿਕਾਰਾਂ ਦਾ ਘਾਣ ਹੁੰਦਾ ਹੈ ਤਾਂ ਉਹ ਇਸ ਸਬੰਧੀ ਲਿਖਤੀ ਸ਼ਿਕਾਇਤ ਸਬੰਧਤ ਅਧਿਕਾਰੀ ਜਾਂ ਕਮਿਸ਼ਨ ਕੋਲ ਦਰਜ ਕਰਵਾ ਸਕਦਾ ਹੈ, ਜਿਸ 'ਤੇ ਨਿਯਮਾਂ ਅਨੁਸਾਰ ਯੋਗ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਅਧਿਕਾਰੀਆਂ ਨੂੰ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਜਵਾਬਦੇਹੀ ਅਤੇ ਮਨੁੱਖੀ ਦ੍ਰਿਸ਼ਟੀਕੋਣ ਨਾਲ ਕੰਮ ਕਰਨ ਦੀ ਅਪੀਲ ਵੀ ਕੀਤੀ।

ਇਸ ਮੌਕੇ ਐਸ.ਡੀ.ਐਮ. ਅਰਵਿੰਦਰ ਪਾਲ ਸਿੰਘ, ਤਹਿਸੀਲਦਾਰ ਮੁਨੀਸ਼ ਕੁਮਾਰ, ਨਾਇਬ ਤਹਿਸੀਲਦਾਰ ਰਣਦੀਪ ਸਿੰਘ, ਕਾਲਜ ਪ੍ਰਧਾਨ ਐਨ.ਡੀ. ਆਨੰਦ, ਪ੍ਰਿੰਸੀਪਲ ਰਾਜਵਿੰਦਰ ਕੌਰ, ਮੁੱਖ ਸਕੱਤਰ ਵਿਨੈ ਸ਼ਰਮਾ, ਰਾਜਨ ਗੋਇਲ ਤੋਂ ਇਲਾਵਾ ਪਿੰਡ ਕਲੇਰ ਕਲਾਂ ਦੇ ਪਤਵੰਤੇ ਸੱਜਣ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ। ਇਸ ਮੌਕੇ ਅਰਵਿੰਦਰ ਪਾਲ ਸਿੰਘ ਐਸ.ਡੀ.ਐਮ. ਫਤਹਿਗੜ੍ਹ ਚੂੜੀਆਂ, ਹਰਮਨਦੀਪ ਸਿੰਘ ਪੰਜਾਬ ਸਕੱਤਰ ਭਾਜਪਾ, ਹਰਸਿਮਰਨ ਸਿੰਘ ਹੀਰਾ ਵਾਲਿਆਂ, ਹਰਪ੍ਰੀਤ ਸਿੰਘ ਬੇਦੀ, ਬਲਜਿੰਦਰ ਸਿੰਘ, ਪੰਕਜ ਮਹਾਜਨ ਅਤੇ ਪਲਵਿੰਦਰ ਸਿੰਘ ਚੀਮਾ

ਨਸ਼ਿਆਂ ਦੀ ਦਲਦਲ ’ਚ ਡੁੱਬਦੀ ਜਵਾਨੀ ਨੂੰ ਬਚਾਉਣ ਲਈ ਸੜਕਾਂ ’ਤੇ ਉੱਤਰੀ ਕਾਂਗਰਸ; ਚੰਨੀ ਦੀ ਸਾਈਕਲ ਯਾਤਰਾ ਨੇ ਜੈਤੋ ’ਚ ਭਰੀ ਸਿਆਸੀ ਹੁੰਕਾਰ

ਜੈਤੋ, 22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੇ ਕਾਲੇ ਨਾਗ ਤੋਂ ਬਚਾਉਣ ਅਤੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕਰਨ ਦੇ ਉਦੇਸ਼ ਨਾਲ ਸਾਬਕਾ ਮੁੱਖ ਮੰਤਰੀ ਅਤੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਵੱਲੋਂ ਆਰੰਭੀ ਗਈ ‘ਜਵਾਨੀ ਸੰਭਾਲ ਸਾਈਕਲ ਯਾਤਰਾ’ ਅੱਜ ਹਲਕਾ ਜੈਤੋ ਦੇ ਨੇੜਲੇ ਪਿੰਡ ਰੋਮਾਣਾ ਅਲਬੇਲ ਸਿੰਘ ਵਿਖੇ ਪਹੁੰਚੀ। ਇਸ ਮੌਕੇ ਜੈਤੋ ਦੇ ਕਾਂਗਰਸੀ ਆਗੂਆਂ ਅਤੇ ਵਰਕਰਾਂ ਵੱਲੋਂ ਯਾਤਰਾ ਦਾ ਭਰਵਾਂ ਸਵਾਗਤ ਕੀਤਾ ਗਿਆ।



ਕਾਂਗਰਸੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਪੰਜਾਬ ਦੀ ਨੌਜਵਾਨ ਪੀੜ੍ਹੀ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਆਪਣੀਆਂ ਕੀਮਤੀ ਜਾਨਾਂ ਗੁਆ ਰਹੀ ਹੈ। ਇਸ ਯਾਤਰਾ ਦਾ ਮੁੱਖ ਮਕਸਦ ਲੋਕਾਂ ਨੂੰ ਨਸ਼ਿਆਂ ਦੇ ਮਾੜੂ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨਾ ਅਤੇ ਸੂਬਾ ਸਰਕਾਰ ਨੂੰ ਇਸ ਗੰਭੀਰ ਸਮੱਸਿਆ ਪ੍ਰਤੀ ਜਗਾਉਣਾ ਹੈ।

ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਇਸ਼ਤਿਹਾਰਾਂ ਵਿੱਚ ਨਸ਼ਿਆਂ ਦੇ ਖ਼ਾਤਮੇ ਦੇ ਦਾਅਵੇ ਕਰ ਰਹੀ ਹੈ, ਜਦਕਿ ਜ਼ਮੀਨੀ ਪੱਧਰ ’ਤੇ ਨਸ਼ਿਆਂ ਦੀ ਵਿਕਰੀ ਜਾਰੀ ਹੈ।

ਉਨ੍ਹਾਂ ਬਰਗਾੜੀ ਬੇਅਦਬੀ ਮਾਮਲੇ ਅਤੇ ਇਸ ਨਾਲ ਜੁੜੇ ਗੋਲੀਕਾਂਡ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਦੇ ਵਾਅਦੇ ਪੂਰੇ ਨਾ ਹੋਣ ਦਾ ਮੁੱਦਾ ਵੀ ਉਠਾਇਆ।

ਉਨ੍ਹਾਂ ਕਾਂਗਰਸ ਨੂੰ 2027 ਵਿੱਚ ਸੱਤਾ ਸੌਂਪਣ ਦੀ ਅਪੀਲ ਕੀਤੀ।

ਇਸ ਮੌਕੇ ਸਾਬਕਾ ਸੰਸਦ ਮੈਂਬਰ ਮੁਹੰਮਦ ਸਦੀਕ, ਕਿੱਕੀ ਢਿੱਲੋਂ, ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਸਾਬਕਾ ਸਰਪੰਚ ਹਰਜਿੰਦਰ ਸਿੰਘ (ਲਾਲੀ ਬਰਾੜ) ਪਿੰਡ ਚੰਦਭਾਨ,ਸੂਰਜ ਭਾਰਦਵਾਜ, ਦਰਸ਼ਨ ਸਿੰਘ ਢਿੱਲਵਾਂ, ਕੰਵਲਜੀਤ ਕੌਰ ਕਮਲ, ਰਾਜਦੀਪ ਸਿੰਘ ਔਲਖ ਰਾਮੇਆਣਾ,ਬਲਵਿੰਦਰ ਸਿੰਘ (ਲਵਲੀ ਭੱਟੀ), ਸੰਦੀਪ ਰੋਮਾਣਾ ਅਤੇ ਗੁਰਸੇਵਕ ਸਿੰਘ ਜੈਤੋ ਸਮੇਤ ਕਈ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ। ਇਸ ਉਪਰੰਤ ਸਾਈਕਲ ਯਾਤਰਾ ਅਗਲੇ ਪੜਾਅ ਲਈ ਰਵਾਨਾ ਹੋ ਗਈ।

ਭਾਜਪਾ ਆਗੂ ਖੱਟੜਾ ਦੀ ਅਗਵਾਈ ’ਚ ਸ਼ਹੀਦ ਦੇ ਆਜ਼ਮ ਕਰਤਾਰ ਸਿੰਘ ਸਰਾਭਾ ਨੂੰ ਕੀਤਾ ਗਿਆ ਯਾਦ



ਪਟਿਆਲਾ, 22 ਨਵੰਬਰ
ਅਮਰਜੀਤ ਸਿੰਘ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਹੀਦੇ ਆਜ਼ਮ ਕਰਤਾਰ ਸਿੰਘ ਸਰਾਭਾ ਦੀ ਸ਼ਹਾਦਤ ਨੂੰ ਮੁੱਖ ਰੱਖਦੇ ਹੋਏ ਪਟਿਆਲਾ ਦਿਹਾਤੀ ਹਲਕੇ ਦੇ ਸਹਿਰੀ ਖੇਤਰ ਵਿੱਚ ਇੱਕ ਸਮਾਗਮ ਕਰਵਾਇਆ ਗਿਆ ਜਿੱਥੇ ਵਿਸ਼ੇਸ਼ ਤੌਰ ਤੇ ਪਹੁੰਚੇ ਪਟਿਆਲਾ ਦਿਹਾਤੀ ਹਲਕੇ ਦੇ ਸੀਨੀਅਰ ਭਾਜਪਾ ਆਗੂ ਐਡਵੋਕੇਟ ਸਤਬੀਰ ਸਿੰਘ ਖੱਟੜਾ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਤਸਵੀਰ ਨੂੰ ਫੁੱਲ ਮਾਲਾ ਪਾ ਕੇ ਯਾਦ ਕੀਤਾ ਇਸ ਮੌਕੇ ਐਡਵੋਕੇਟ ਖੱਟੜਾ ਨੇ ਕਿਹਾ ਕਿ ਨੌਜਵਾਨਾਂ ਨੂੰ ਸਾਡੇ ਦੇਸ਼ ਦੇ ਕੌਮ ਦੇ ਸ਼ਹੀਦਾਂ ਤੋਂ ਸੇਧ ਲੈਣਾ ਸਮੇਂ ਦੀ ਮੁੱਖ ਲੋੜ ਹੈ ਜਿਹੜੇ ਕੌਮਾਂ ਲਈ ਸਾਡੇ ਨੌਜਵਾਨ ਯੋਧਿਆਂ ਨੇ ਕੁਰਬਾਨੀਆਂ ਕਰਕੇ ਦੇਸ਼ ਨੂੰ ਆਜ਼ਾਦ ਕਰਵਾਇਆ ਉਸ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿਉਂਕਿ ਸ਼ਹੀਦ ਕਰਤਾਰ ਸਿੰਘ ਸਰਾਭੇ ਵਰਗੇ ਸ਼ਹੀਦ ਸਾਡੇ ਸਿੱਖ ਕੌਮ ਦਾ ਸਰਮਾਇਆ ਹਨ ਜਿਨਾਂ ਦੀ ਪ੍ਰੇਰਨਾ ਹੋਰਨਾ ਨੌਜਵਾਨਾਂ ਲਈ ਇੱਕ ਵੱਡਾ ਸਰੋਤ ਦਾ ਸਾਧਨ ਹੈ ਉਹਨਾਂ ਕਿਹਾ ਕਿ ਹੋਰ ਨਾ ਨੌਜਵਾਨਾਂ ਨੂੰ ਵੀ ਸ਼ਹੀਦਾਂ ਦੀਆਂ ਜਨਮ ਸ਼ਤਾਬਦੀਆਂ ਅਤੇ ਸ਼ਹੀਦੀ ਦਿਹਾੜੇ ਆਪੋ ਆਪਣੇ ਇਲਾਕਿਆਂ ਵਿੱਚ ਵੱਧ ਚੜ ਕੇ ਮਨਾਉਣੇ ਚਾਹੀਦੇ ਹਨ ਤਾਂ ਜੋ ਭਵਿੱਖ ਵਿੱਚ ਅਗਲੀ ਪੀੜੀ ਇਹਨਾਂ ਸ਼ਹੀਦਾਂ ਨੂੰ ਆਪਣੇ ਹਮੇਸ਼ਾ ਲਈ ਯਾਦ ਰੱਖ ਸਕੇ ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਜਪਾ ਦੇ ਬੁਲਾਰੇ ਯੁਵਰਾਜ ਸ਼ਰਮਾ, ਗੁਰੀ ਸਿੱਧੂਵਾਲ ,ਪ੍ਰਧਾਨ ਬਲਵਿੰਦਰ ਸਿੰਘ ਕੰਗ, ਤਰਸੇਮ ਕੋਟਲੀ ਆਦਿ ਵੀ ਹਾਜ਼ਰ ਸਨ।

ਗੁਰੂ ਨਾਨਕ ਦੇਵ ਭਵਨ ਦੇ ਵਿਕਾਸ ਅਤੇ ਨਵ-ਨਿਰਮਾਣ ਲਈ ਹਰ ਸੰਭਵ ਸਹਿਯੋਗ ਦਿੱਤਾ ਜਾਵੇਗਾ : ਡੀਸੀ ਹਿਮਾਂਸ਼ੂ ਅਗਰਵਾਲ

ਲੁਧਿਆਣਾ, 22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਗੁਰੂ ਨਾਨਕ ਦੇਵ ਭਵਨ ਪ੍ਰਬੰਧਕੀ ਕਮੇਟੀ ਵੱਲੋਂ ਲੁਧਿਆਣਾ ਦੇ ਨਵ-ਨਿਯੁਕਤ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ (ਆਈਏਐੱਸ) ਦਾ ਅਹੁਦਾ ਸੰਭਾਲਣ ਉਪਰੰਤ ਗੁਲਦਸਤਾ ਭੇਟ ਕਰਕੇ ਨਿੱਘਾ ਸਵਾਗਤ ਅਤੇ ਸਨਮਾਨ ਕੀਤਾ ਗਿਆ।



ਇਸ ਮੌਕੇ ਸੀਏ ਸੰਜੀਵ ਜੈਨ ਨੇ ਡਿਪਟੀ ਕਮਿਸ਼ਨਰ ਨੂੰ ਗੁਰੂ ਨਾਨਕ ਦੇਵ ਭਵਨ ਦੇ ਇਤਿਹਾਸ, ਕਾਰਜਾਂ ਅਤੇ ਮੌਜੂਦਾ ਸਥਿਤੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਡੀਸੀ ਨੂੰ ਅਪੀਲ ਕੀਤੀ ਕਿ ਭਵਨ ਦਾ ਦੌਰਾ ਕਰਨ ਲਈ ਜਲਦ ਹੀ ਇੱਕ ਵਿਸ਼ੇਸ਼ ਮੀਟਿੰਗ ਕੀਤੀ ਜਾਵੇ, ਤਾਂ ਜੋ ਉਹ ਪ੍ਰਬੰਧਕੀ ਕਮੇਟੀ ਦੇ ਮੈਂਬਰਾਂ ਨਾਲ ਮੁਲਾਕਾਤ ਕਰਕੇ ਭਵਨ ਦੀਆਂ ਗਤੀਵਿਧੀਆਂ ਬਾਰੇ ਜਾਣੂ ਹੋ ਸਕਣ।

ਇਸ ਦੌਰਾਨ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਭਰੋਸਾ ਦਿਵਾਇਆ ਕਿ ਗੁਰੂ ਨਾਨਕ ਦੇਵ ਭਵਨ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਵਜੋਂ ਉਹ ਭਵਨ ਦੇ ਵਿਕਾਸ ਲਈ ਪੂਰਾ ਸਹਿਯੋਗ ਦੇਣਗੇ। ਉਨ੍ਹਾਂ ਕਿਹਾ ਕਿ ਭਵਨ ਦੇ ਨਵ-ਨਿਰਮਾਣ ਅਤੇ ਬਿਹਤਰੀ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਇਸ ਮੌਕੇ ਕਮੇਟੀ ਦੇ ਸਕੱਤਰ ਦਰਸ਼ਨ ਸਿੰਘ, ਵਿੱਤ ਸਕੱਤਰ ਅਵਤਾਰ ਸਿੰਘ ਭੋਗਲ, ਆਡੀਟੋਰੀਅਮ ਅਤੇ ਮੇਨਟੀਨੈਂਸ ਕਮੇਟੀ ਦੇ ਚੇਅਰਮੈਨ ਚਰਨਜੀਤ ਵਿਜ਼ਵਕਰਮਾ, ਵਿਵੇਕ ਸ਼ਰਮਾ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

ਡੀ.ਏ. ਦੇ ਬਕਾਏ ਸੰਬੰਧੀ 7 ਦਸੰਬਰ ਨੂੰ ਹਾਈਕੋਰਟ ’ਚ ਪੇਸ਼ ਹੋਣਗੇ ਪੰਜਾਬ ਦੇ ਮੁੱਖ ਸਕੱਤਰ

ਚੰਡੀਗੜ੍ਹ, 22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਹਿੰਗਾਈ ਭੱਤੇ (ਡੀ.ਏ.) ਦੇ ਬਕਾਏ ਦੀ ਅਦਾਇਗੀ ਦਾ ਮਾਮਲਾ ਅਜੇ ਵੀ ਅਦਾਲਤੀ ਵਿਚਾਰ ਅਧੀਨ ਹੈ। ਇਸ ਸੰਬੰਧੀ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਸਪੱਸ਼ਟ ਕੀਤਾ ਹੈ ਕਿ ਮੁੱਖ ਸਕੱਤਰ ਵਿਰੁੱਧ ਅਪਰਾਧਿਕ ਮਾਣਹਾਨੀ ਦੀ ਕਾਰਵਾਈ ’ਤੇ ਸੁਪਰੀਮ ਕੋਰਟ ਵਲੋਂ ਲਗਾਈ ਗਈ ਰੋਕ ਦਾ ਅਸਰ ਡੀ.ਏ. ਦੇ ਬਕਾਏ ਨਾਲ ਸੰਬੰਧਿਤ ਹਾਈਕੋਰਟ ਵਲੋਂ ਪਹਿਲਾਂ ਜਾਰੀ ਕੀਤੇ ਗਏ ਹੁਕਮਾਂ ’ਤੇ ਨਹੀਂ ਪਵੇਗਾ। ਇਸ ਦਾ ਮਤਲਬ ਹੈ ਕਿ ਪੰਜਾਬ ਸਰਕਾਰ ਨੂੰ ਡੀ.ਏ. ਦੇ ਬਕਾਏ ਦੀ ਅਦਾਇਗੀ ਸਬੰਧੀ ਹਾਈਕੋਰਟ ਦੇ ਨਿਰਦੇਸ਼ਾਂ ਦੀ ਪਾਲਣਾ ਕਰਨੀ ਹੋਵੇਗੀ। ਮਾਮਲੇ ਦੀ ਸੁਣਵਾਈ ਦੌਰਾਨ ਪੰਜਾਬ ਸਰਕਾਰ ਵਲੋਂ ਅਦਾਲਤ ਨੂੰ ਜਾਣੂ ਕਰਵਾਇਆ ਗਿਆ ਕਿ ਇਸ ਮਾਮਲੇ ਦੀ ਸੁਣਵਾਈ ਸੁਪਰੀਮ ਕੋਰਟ ਵਿਚ ਪਹਿਲੀ ਦਸੰਬਰ ਨੂੰ ਹੋਣੀ ਤੈਅ ਹੈ। ਇਸ ਦੌਰਾਨ ਸੂਬਾ ਸਰਕਾਰ ਵਲੋਂ ਸਰਕਾਰੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਬਕਾਇਆ ਮਹਿੰਗਾਈ ਭੱਤੇ ਦੀ ਅਦਾਇਗੀ ਕਰਨ ਸਬੰਧੀ ਆਪਣਾ ਪ੍ਰਸਤਾਵ ਅਤੇ ਯੋਜਨਾ ਸੁਪਰੀਮ ਕੋਰਟ ਦੇ ਸਾਹਮਣੇ ਰੱਖੀ ਜਾਵੇਗੀ। ਸਰਕਾਰ ਵਲੋਂ ਦਿੱਤੀ ਗਈ ਇਸ ਜਾਣਕਾਰੀ ਨੂੰ ਰਿਕਾਰਡ ’ਤੇ ਲੈਂਦਿਆਂ ਹਾਈਕੋਰਟ ਨੇ ਮਾਮਲੇ ਦੀ ਅਗਲੀ ਸੁਣਵਾਈ ਲਈ 7 ਦਸੰਬਰ ਦੀ ਤਰੀਕ ਨਿਰਧਾਰਤ ਕੀਤੀ ਹੈ। ਅਦਾਲਤ ਨੇ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਹੈ ਕਿ ਅਗਲੀ ਸੁਣਵਾਈ ਮੌਕੇ ਸੁਪਰੀਮ ਕੋਰਟ ਵਿਚ ਹੋਈ ਕਾਰਵਾਈ ਅਤੇ ਡੀ.ਏ. ਦੇ ਬਕਾਏ ਦੀ ਅਦਾਇਗੀ ਲਈ ਤਿਆਰ ਕੀਤੀ ਗਈ ਯੋਜਨਾ ਦੀ ਪ੍ਰਗਤੀ ਬਾਰੇ ਸਪੱਸ਼ਟ ਜਾਣਕਾਰੀ ਪੇਸ਼ ਕੀਤੀ ਜਾਵੇ।

ਸ਼ਰੋਮਣੀ ਪੰਜਾਬੀ ਪੱਤਰਕਾਰ ਕਮਲਜੀਤ ਸਿੰਘ ਬਨਵੈਤ ਦੀ ਲਿਖੀ ਪੁਸਤਕ ‘ਬੱਕੜਵਾਹ’ ਲੋਕ ਅਰਪਣ

ਚੰਡੀਗੜ੍ਹ, 22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼ਰੋਮਣੀ ਪੰਜਾਬੀ ਪੱਤਰਕਾਰ ਸਰਦਾਰ ਕਮਲਜੀਤ ਸਿੰਘ ਬਨਵੈਤ ਦੀ ਲਿਖੀ 18ਵੀਂ ਪੁਸਤਕ ÷ਬੱਕੜਵਾਹ÷ ਅੱਜ ਚੰਡੀਗੜ੍ਹ ਪ੍ਰੈਸ ਕਲੱਬ ਵਿੱਚ ਲੋਕ ਅਰਪਣ ਕੀਤੀ ਗਈ। ਕੁੰਜੀਵਤ ਭਾਸ਼ਣ ਸਰਦਾਰ ਮਨਮੋਹਨ ਸਿੰਘ ਦਾਊਂ ਨੇ ਪ੍ਰਸਤੁਤ ਕੀਤਾ।



ਚੜ੍ਹਦੀ ਕਲਾ ਦੇ ਮੈਨੇਜਿੰਗ ਡਾਇਰੈਕਟਰ ਸਰਦਾਰ ਜਗਜੀਤ ਸਿੰਘ ਦਰਦੀ ਨੇ ਸਰਦਾਰ ਬਨਵੈਤ ਬਾਰੇ ਦੱਸਿਆ। ਸਰਦਾਰ ਦਰਦੀ ਨੇ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਡਾਕਟਰ ਜੀ ਦੀਆਂ ਉਦਾਸੀਆਂ ਬਾਰੇ ਵੀ ਦੱਸਿਆ।

ਰਾਸ਼ਟਰੀ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਸਰਦਾਰ ਹਰਜੀਤ ਸਿੰਘ ਗਰੇਵਾਲ, ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਡਾਕਟਰ ਕਰਮਜੀਤ ਸਿੰਘ; ਡਾਕਟਰ ਕੁਲਦੀਪ ਅਗਨੀਹੋਤਰੀ ਚੇਅਰਮੈਨ ਹਰਿਆਣਾ ਸਾਹਿਤ ਅਕਾਦਮੀ ਅਤੇ ਹੋਰ ਵਿਦਵਾਨ ਵੀ ਇਸ ਪੁਸਤਕ ਰਿਲੀਜ਼ ਸਮਾਗਮ ਵਿੱਚ ਸ਼ਾਮਲ ਹੋਏ।

ਪੈਨਸ਼ਨਰਾਂ ਲਈ ਸੇਵਾ ਦਾ ਵਿਸ਼ੇਸ਼ ਕੈਂਪ; 21 ਨਵੰਬਰ ਤੱਕ ਈ-ਕੇਵਾਈਸੀ ਤੇ ਡਿਜੀਟਲ ਸਰਟੀਫਿਕੇਟ ਦੀ ਸਹੂਲਤ

ਫਰੀਦਕੋਟ, 22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵੱਲੋਂ ਪੈਨਸ਼ਨਰਾਂ ਅਤੇ ਪਰਿਵਾਰਕ ਪੈਨਸ਼ਨਰਾਂ ਦੀ ਸਹੂਲਤ ਲਈ 21 ਨਵੰਬਰ ਤੱਕ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਫ਼ਰੀਦਕੋਟ ਵਿਖੇ ਪੈਨਸ਼ਨਰ ਸੇਵਾ ਮੇਲਾ ਲਗਾਇਆ ਜਾ ਰਿਹਾ ਹੈ। ਇਸ ਦੌਰਾਨ ਪੈਨਸ਼ਨਰਾਂ ਦੀ ਈ-ਕੇਵਾਈਸੀ ਅਤੇ ਡਿਜੀਟਲ ਲਾਈਫ ਸਰਟੀਫਿਕੇਟ ਅਪਲੋਡ ਕਰਨ ਦੀ ਸਹੂਲਤ ਦਿੱਤੀ ਜਾਵੇਗੀ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਵੀਰਪਾਲ ਕੌਰ ਬਾਠ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 3 ਨਵੰਬਰ 2025 ਤੋਂ ਪੈਨਸ਼ਨਰ ਸੇਵਾ ਪੋਰਟਲ ਲਾਗੂ ਕੀਤਾ ਗਿਆ ਹੈ। ਇਸ ਰਾਹੀਂ ਪੈਨਸ਼ਨ ਦੀ ਜਾਣਕਾਰੀ, ਈ-ਪੀਪੀਓ ਅਤੇ ਸ਼ਿਕਾਇਤਾਂ ਦੇ ਨਿਪਟਾਰੇ ਸਮੇਤ ਕਈ ਸਹੂਲਤਾਂ ਉਪਲਬਧ ਹਨ।

ਉਨ੍ਹਾਂ ਕਿਹਾ ਕਿ ਪੈਨਸ਼ਨਰ 19, 20 ਅਤੇ 21 ਨਵੰਬਰ ਨੂੰ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ ਮੇਲੇ ਵਿੱਚ ਪਹੁੰਚ ਕੇ ਲੋੜੀਂਦੀ ਪ੍ਰਕਿਰਿਆ ਪੂਰੀ ਕਰਵਾਉਣ।

ਉਨ੍ਹਾਂ ਦੱਸਿਆ ਕਿ ਤਹਿਸੀਲ ਜੈਤੋ ਨਾਲ ਸਬੰਧਤ ਪੈਨਸ਼ਨਰ ਖ਼ਜ਼ਾਨਾ ਦਫ਼ਤਰ ਜੈਤੋ ਵਿਖੇ ਵੀ ਇਸ ਸਹੂਲਤ ਦਾ ਲਾਭ ਲੈ ਸਕਦੇ ਹਨ। ਪੈਨਸ਼ਨਰ ਆਪਣੇ ਨਾਲ ਪੀਪੀਓ ਦੀ ਕਾਪੀ, ਆਧਾਰ ਕਾਰਡ, ਬੈਂਕ ਪਾਸਬੁੱਕ ਅਤੇ ਆਧਾਰ ਨਾਲ ਲਿੰਕ ਮੋਬਾਈਲ ਫ਼ੋਨ ਲੈ ਕੇ ਆਉਣ।

ਉਨ੍ਹਾਂ ਚਿਤਾਵਨੀ ਦਿੱਤੀ ਕਿ ਈ-ਕੇਵਾਈਸੀ ਅਤੇ ਡਿਜੀਟਲ ਲਾਈਫ ਸਰਟੀਫਿਕੇਟ ਜਮ੍ਹਾਂ ਨਾ ਕਰਵਾਉਣ ਵਾਲਿਆਂ ਨੂੰ ਭਵਿੱਖ ਵਿੱਚ ਪੈਨਸ਼ਨ ਪ੍ਰਾਪਤ ਕਰਨ ਸਮੇਂ ਮੁਸ਼ਕਲ ਆ ਸਕਦੀ ਹੈ।

ਰਾਜਪੁਰਾ, ਨਾਭਾ, ਸਮਾਣਾ, ਪਾਤੜਾਂ ਅਤੇ ਦੁੱਧਨ ਸਾਧਾਂ ਵਿਖੇ ਪੈਨਸ਼ਨ ਸੇਵਾ ਮੇਲਾ 21 ਨਵੰਬਰ ਤੱਕ

ਪਟਿਆਲਾ, 22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਪਟਿਆਲਾ ਅਤੇ ਜ਼ਿਲ੍ਹੇ ਦੇ ਸਬ-ਖ਼ਜ਼ਾਨਾ ਦਫ਼ਤਰਾਂ ਰਾਜਪੁਰਾ, ਨਾਭਾ, ਸਮਾਣਾ, ਪਾਤੜਾਂ, ਅਤੇ ਦੁੱਧਨ ਸਾਧਾਂ ਵਿਖੇ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਦੀ ਜਾਗਰੂਕਤਾ ਲਈ ਪੈਨਸ਼ਨ ਸੇਵਾ ਮੇਲਾ ਮਿਤੀ 19 ਤੋਂ 21 ਨਵੰਬਰ ਤੱਕ ਲਗਾਇਆ ਜਾਵੇਗਾ।

ਇਸ ਸਬੰਧੀ ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਪਟਿਆਲਾ ਸਨੇਹ ਲਤਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਈ ਕੇ ਵਾਈ ਸੀ ਕਰਨਾ ਪੈਨਸ਼ਨਰਾਂ ਲਈ ਜ਼ਰੂਰੀ ਹੈ ਅਤੇ ਜਿਨ੍ਹਾਂ ਦਾ ਜੀਵਨ ਪ੍ਰਮਾਣ ਪੱਤਰ ਬੈਂਕ ਵਿੱਚ ਜਮ੍ਹਾਂ ਹੋ ਚੁੱਕਾ ਹੈ ਉਹ ਵੀ ਈ ਕੇ ਵਾਈ ਸੀ ਜ਼ਰੂਰ ਕਰਵਾਉਣ। ਉਨ੍ਹਾਂ ਕਿਹਾ ਕਿ ਇਸ ਸਬੰਧੀ ਪੰਜਾਬ ਸਰਕਾਰ ਵੱਲੋਂ ਪੈਨਸ਼ਨਰ ਸੇਵਾ ਪੋਰਟਲ ਰਾਹੀ ਈ ਕੇ ਵਾਈ ਸੀ ਦੀ ਸਹੂਲਤ ਲਈ ਪੈਨਸ਼ਨ ਸੇਵਾ ਮੇਲਾ ਤਿੰਨ ਦਿਨਾਂ ਲਈ ਜੋ ਕਿ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਪਟਿਆਲਾ ਅਤੇ ਪਟਿਆਲਾ ਜ਼ਿਲ੍ਹੇ ਦੇ ਸਬ-ਖ਼ਜ਼ਾਨਾ ਦਫ਼ਤਰਾਂ ਵਿਖੇ ਵੀ ਲਗਾਇਆ ਜਾ ਰਿਹਾ ਹੈ, ਜਿਸਦਾ ਸਮਾਂ ਸਵੇਰੇ 09:00 ਤੋਂ ਸ਼ਾਮ 5:00 ਤੱਕ ਰਹੇਗਾ। ਸਨੇਹ ਲਤਾ ਨੇ ਦੱਸਿਆ ਕਿ ਇਸ ਦੀ ਸਹੂਲਤ ਲੈਣ ਲਈ ਜ਼ਿਲ੍ਹੇ ਦੇ ਸਮੂਹ ਪੈਨਸ਼ਨਰ/ਫੈਮਿਲੀ ਪੈਨਸ਼ਨਰ ਅਤੇ ਪੈਨਸ਼ਨਰ ਯੂਨੀਅਨਾਂ ਦੇ ਆਗੂਆਂ ਨੂੰ ਅਪੀਲ ਹੈ ਕਿ ਉਹ ਆਪਣੇ ਅਧੀਨ ਆਉਂਦੇ ਪੈਨਸ਼ਨਰਾਂ ਦੇ ਦਸਤਾਵੇਜ ਪੀ ਪੀ ਓ ਦੀ ਕਾਪੀ, ਅਧਾਰ ਕਾਰਡ, ਬੈਂਕ ਖਾਤੇ ਦੀ ਕਾਪੀ ਅਤੇ ਮੋਬਾਇਲ ਨੰਬਰ, ਜਿਹੜਾ ਅਧਾਰ ਕਾਰਡ ਨਾਲ ਲਿੰਕ ਹੋਵੇ, ਲੈ ਕੇ ਇਸ ਮੇਲੇ ਵਿਚ ਸ਼ਾਮਿਲ ਹੋ ਕੇ ਵੱਧ ਤੋਂ ਵੱਧ ਸਹੂਲਤ ਦਾ ਲਾਭ ਉਠਾਇਆ ਜਾਵੇ। ਉਨ੍ਹਾਂ ਇਹ ਸਪੱਸ਼ਟ ਕੀਤਾ ਕਿ ਜਿਨ੍ਹਾਂ ਪੈਨਸ਼ਨਰਾਂ ਦਾ ਪਿਛਲੇ ਸਾਲ ਈ ਕੇ ਵਾਈ ਸੀ ਹੋ ਚੁੱਕਾ ਹੈ, ਉਨ੍ਹਾਂ ਨੂੰ ਦੁਬਾਰਾ ਈ ਕੇ ਵਾਈ ਸੀ ਕਰਵਾਉਣ ਦੀ ਲੋੜ ਨਹੀਂ ਹੈ।

ਨੰਬਰਦਾਰ ਐਸੋਸੀਏਸ਼ਨ ਗਾਲਿਬ ਦੀ ਅਹਿਮ ਬੈ

ਪਰਦਾ ਰਹਿ ਗਿਆ

ਮਿੰਨੀ ਕਹਾਣੀ



• ਵਿਵੇਕ, ਕੋਟ ਈਸੇ ਖਾਂ

'ਅੱਛਾ ਇਹ ਕਾਰਡ ਤੇ ਮਿਠਾਈ ਦਾ ਡੱਬਾ ਕਿਸ਼ਨ ਘਰ ਦੇ ਆਵਾਂ'। ਆਪਣੇ ਮੁੰਡੇ ਦੇ ਵਿਆਹ ਦਾ ਕਾਰਡ ਤੇ ਇਕ ਡੱਬਾ ਲਿਫ਼ਾਫ਼ੇ ਵਿਚ ਪਾਉਂਦੇ ਹੋਏ ਰਾਜ ਨੇ ਆਪਣੀ ਘਰ ਵਾਲੀ ਨੂੰ ਕਿਹਾ।

'ਤਹਾਨੂੰ ਕੀ ਹੋ ਗਿਆ'।

'ਕਿਉਂ'।

'ਉਹਦੀ ਹਾਲਤ ਵੇਖੀ ਆ, ਮੈਂ ਪਹਿਲਾਂ ਵੀ ਕਿਹਾ ਹੈ ਕਿ ਉਸ ਨੂੰ ਬਰਾਤ ਨਾਲ ਨਹੀਂ ਲੈ ਕੇ ਜਾਣਾ। ਬਾਹਰ ਸਾਈਕਲ ਲੈ ਕੇ ਕਬਾੜ ਦੇ ਗੇੜੇ ਲਾਉਂਦਾ, ਜਿਹੋ-ਜਿਹਾ ਕੰਡਮ ਸਾਇਕਲ ਉਹੋ ਜਿਹੀ ਉਸ ਦੀ ਹਾਲਤ, ਬਰਾਤ ਨਾਲ ਲੈ ਜਾ ਕੇ ਬੇਇੱਜ਼ਤੀ ਕਰਾਓਣੀ ਆ। ਤੁਸੀਂ ਤੇ ਉਹ ਜਾ ਕੇ ਵਿਆਹ ਲਿਆਓ ਮੁੰਡੇ ਨੂੰ, ਮੈਂ ਨੀ ਜਾਣਾ ਨਾਲ। ਰਾਜ ਦੀ ਘਰਵਾਲੀ ਪੂਰੇ ਗੁੱਸੇ ਨਾਲ ਬੋਲ ਰਹੀ ਸੀ।

'ਤੂੰ ਕਿਹੋ ਜਿਹੀਆਂ ਗੱਲਾਂ ਕਰਦੀ ਏਂ'।

ਭਰਾ ਨੂੰ ਛੱਡ ਦਿਆਂ। ਲੋਕੀ ਕੀ ਕਹਿਣਗੇ? ਚਾਰ ਪੈਸਿਆਂ ਦਾ ਹੰਕਾਰ, ਇਹੋ ਗੱਲਾਂ ਹੋਣਗੀਆਂ। ਰਾਜ ਮੱਥੇ 'ਤੇ ਵੱਟ ਪਾ ਕਹਿਣ ਲੱਗਾ।

'ਚੰਗਾ ਜੇ ਉਸ ਨੂੰ ਨਾਲ ਲੈ ਕੇ ਜਾਣਾ ਹੈ ਤਾਂ ਆਪਣਾ ਪੁਰਾਣਾ ਸਫਾਰੀ ਸੂਟ ਉਸ ਨੂੰ ਦੇ ਦਿਉ। ਜਿਹੜਾ ਪਾ ਕੇ ਉਹ ਬਰਾਤ ਵਿਚ ਆ ਜਾਵੇ। ਘਰਵਾਲੀ ਨੇ ਸਕੀਮ ਦੱਸੀ।

'ਹਾਂ...ਹਾਂ... ਇਹ ਗੱਲ ਠੀਕ ਹੈ, ਤੂੰ ਜਾਹ ਮੇਰਾ ਪੁਰਾਣਾ ਸੂਟ ਕੱਢ ਲਿਆ। ਉਹ ਨਾਲ ਦੇ ਆਉਂਦਾ ਹਾਂ, ਇਹ ਡੱਬਾ ਰਹਿਣ ਦੇ, ਰਾਜ ਨੂੰ ਹੁਣ ਤਸੱਲੀ ਸੀ ਕਿ ਚੱਲੋ ਪਰਦਾ ਢੱਕਿਆ ਗਿਆ। ਉਹ ਸੂਟ ਤੇ ਕਾਰਡ ਲੈ ਕੇ ਭਰਾ ਦੇ ਘਰ ਵੱਲ ਤੁਰ ਪਿਆ।

ਮੋਬਾਈਲ : 94633-84051

ਲੋਕ ਕਵੀ ਬਾਬਾ ਨਜ਼ਮੀ



ਅੰਮ੍ਰਿਤਪਾਲ ਸਿੰਘ ਸੰਧੂ ਬਾੜੀਆਂ

ਮੋਬਾਈਲ : 94649-29718

ਬਾਬਾ ਨਜ਼ਮੀ ਪਾਠਕ ਨਾਲ ਪਰਸਪਰ ਸਾਂਝ ਪਾ ਕੇ ਲਿਖਣ ਵਾਲਾ ਕਵੀ ਹੈ। ਉਸ ਦਾ ਸ਼ਬਦ ਸ਼ਬਦ ਪਾਠਕ ਦੇ ਮੇਚ ਦਾ ਹੋਣ ਕਰਕੇ ਜ਼ਿਹਨ ਵਿਚ ਅਸਾਨੀ ਨਾਲ ਉਤਰ ਜਾਂਦਾ ਹੈ। ਉਸ ਦੀ ਕਵਿਤਾ ਦੀ ਸੁੰਦਰਤਾ ਉੱਚੇ ਨਛੱਤਰਾਂ ਤੋਂ ਨਹੀਂ ਆਉਂਦੀ ਸਗੋਂ ਧਰਾਤਲ ਵਿੱਚੋਂ ਉਗਮੀਆਂ, ਰੋਜ਼ਾਨਾ ਜੀਵਨ ਦੀਆਂ ਸਮੱਸਿਆਵਾਂ, ਉਲਝਣਾਂ, ਭਾਸ਼ਾਈ ਵਿਤਕਰਿਆਂ, ਮਾਨਸਿਕ ਦੁਵਿਧਾਵਾਂ ਵਿੱਚੋਂ ਪੈਦਾ ਹੁੰਦੀ ਹੈ। ਬੌਧਿਕ ਤੱਤ ਦਾ ਭਾਰ ਪਾ ਕੇ ਪਹਿਲਾਂ ਤੋਂ ਦੱਬੇ-ਘੁੱਟੇ ਪਾਠਕਾਂ ਦੀ ਸੋਹਜ ਤ੍ਰਿਪਤੀ ਵਿਚ ਰੁਕਾਵਟ ਬਣਨਾ ਸ਼ਾਇਦ ਉਸ ਨੂੰ ਗਵਾਰਾ ਨਹੀਂ। ਖ਼ਬਰੇ ਇਸੇ ਕਰਕੇ ਉਸ ਦੀ ਕਵਿਤਾ ਨੂੰ ਪਾਠਕਾਂ ਦਾ ਪਿਆਰ ਮਣਾਂ-ਮੂੰਹੀ ਮਿਲਦਾ ਹੈ। ਲੋਕ ਗੀਤਾਂ ਵਾਂਗ ਉਸ ਦੇ ਕਈ ਸ਼ੇਅਰ ਲੋਕ ਜ਼ੁਬਾਨ 'ਤੇ ਚੜ੍ਹੇ ਹੋਣ ਕਾਰਨ ਲੋਕ ਕਵੀ ਦਾ ਤਾਜ ਉਸ ਸਿਰ ਸਜਿਆ ਹੋਇਆ ਹੈ।

ਮਾਰਕਸ ਵਾਂਗ ਜਮਾਤੀ ਸੰਘਰਸ਼ ਬਾਬਾ ਨਜ਼ਮੀ ਦੇ ਕਾਵਿ ਅੰਦਰ ਮੁੱਖ ਵਿਸ਼ਾ ਹੈ। ਸ਼ੋਸ਼ਕ ਅਤੇ ਸ਼ੋਸ਼ਿਤ ਦੋ ਵਿਰੋਧੀ ਧਿਰਾਂ ਦਾ ਅਸਤਿੱਤਵ ਖਤਮ ਨਹੀਂ ਹੋਇਆ। ਮਾਲਕ, ਮਜ਼ਦੂਰ, ਅਮੀਰ ਤੇ ਗ਼ਰੀਬ ਵਿਚਕਾਰਲੀ ਵਿੱਥ ਦਿਨੋਂ ਦਿਨ ਵਧਦੀ ਜਾ ਰਹੀ ਹੈ।

ਸਮਾਜਿਕ ਅਤੇ ਆਰਥਿਕ ਜੀਵਨ ਵਿਚ ਵਿਤਕਰਾ ਵਧਣ ਕਾਰਨ ਮਨੁੱਖ ਸਰੀਰਕ ਤੇ ਮਾਨਸਿਕ ਤੌਰ 'ਤੇ ਖੋਖਲਾ ਹੋ ਰਿਹਾ ਹੈ। ਜਿਸ ਘਰ ਦਾਣੇ ਉਸ ਦੇ ਕਮਲੇ ਵੀ ਸਿਆਣੇ ਵਾਲੀ ਗੱਲ ਸਹੀ ਸਾਬਤ ਹੋ ਰਹੀ ਹੈ। ਅਮੀਰ ਦਾ ਕੋਝਾਪਨ ਉਸ ਦੀ ਦੌਲਤ ਲੁਕੋ ਰਹੀ ਹੈ।

ਮੇਰੇ ਨਾਲੋਂ ਭੁਹਝਾ ਪੁੱਤਰ ਲੰਬੜਾਂ ਦਾ
ਧਰਤੀ ਉੱਤੇ ਫਿਰਦਾ ਏ ਮਗਰੂਰੀ ਨਾਲ...

ਸਾਰੀ ਉਮਰ ਮਿਹਨਤ ਦੀ ਭੱਠੀ ਖ਼ੁਦ ਨੂੰ ਝੋਂਕ ਹੱਥਾਂ 'ਤੇ ਛਾਲਿਆਂ ਤੋਂ ਬਿਨਾਂ ਕੁਝ ਨਹੀਂ ਮਿਲਦਾ ਘਰੋਗੀ ਲੋੜਾਂ ਪੂਰੀਆਂ ਕਰਦੇ ਪੇਟ ਦੀ ਅੱਗ ਬੁਝਾਉਂਦੇ ਸਿਰ ਧੌਲਿਆਂ ਨਾਲ ਭਰ ਗਿਆ ਪਰ ਘਰ ਦੇ ਹਾਲਾਤ ਨਹੀਂ ਬਦਲੇ। ਜਵਾਨੀ ਵਿਚ ਬੁਢਾਪੇ ਨੇ ਦਸਤਕ ਦੇ ਦਿੱਤੇ ਪਰ ਖਾਣ ਨੂੰ ਸੁੱਕੇ ਟੁੱਕਰ ਛੰਨੇ ਵਿਚ ਜੁੜੇ।

ਮੇਰੇ ਹੱਥੀਂ ਛਾਲੇ ਪਏ ਮਜ਼ਦੂਰੀ ਨਾਲ,
ਫਿਰ ਵੀ ਨਹੀਓਂ ਭਰਿਆ ਛੰਨਾ ਚੂਰੀ ਨਾਲ।

ਉਸ ਦੇ ਕਾਵਿ ਅੰਦਰ ਨਿਮਨ ਵਰਗ ਦਾ ਦੁਖਾਂਤ ਤੰਗੀਆਂ ਤੁਰਸ਼ੀਆਂ ਦੇ ਰਾਹੀ ਝਲਕ ਦਾ ਹੈ। ਭਾਵੇਂ ਹਿੰਮਤ ਅੱਗ ਵਰਗੀ ਹੈ ਭਾਂਡੇ ਫਿਰ ਵੀ ਪਿੱਲੇ ਨੇ। ਗ਼ਰੀਬ ਬੰਦੇ ਦੀ ਜ਼ਿੰਦਗੀ ਵਿਚ ਹਰ ਦਿਨ ਦਾ ਮਨੋਰਥ ਮਸ਼ੀਨ ਵਾਂਗੂ ਗਤੀਸ਼ੀਲ ਰਹਿਣਾ ਹੈ ਅਤੇ ਹੱਡਾਂ ਨੂੰ ਪੁਰਜਿਆਂ ਵਾਂਗ ਰਗੜ ਕੇ ਸ਼ਾਮ ਦਾ ਚੁੱਲ੍ਹਾ ਬਾਲਣ ਜੋਗੇ ਪੈਸੇ ਇਕੱਠੇ ਕਰਨਾ ਹੈ। ਕੋਈ ਦਿਨ ਉਨ੍ਹਾਂ ਲਈ ਖ਼ਾਸ ਨਹੀਂ ਭਾਵੇਂ ਦਿਵਾਲੀ ਜਾਂ ਫਿਰ ਈਦ ਉਨ੍ਹਾਂ ਨੂੰ ਤਾਂ ਰੋਜ਼ੀ ਦਾ ਹੀ ਫਿਕਰ ਹੁੰਦਾ।

ਉਨ੍ਹਾਂ ਦਾ ਵੀ ਤੂੰ ਹੀਉਂ ਰੱਬ ਏਂ
ਇਹਦਾ ਅੱਜ ਜਵਾਬ ਤੇ ਦੇ,
ਈਦਾਂ ਵਾਲੇ ਦਿਨ ਵੀ ਜਿਹੜੇ
ਕਰਨ ਦਿਹਾੜੀ ਜਾਂਦੇ ਨੇ...

ਉਸ ਦੀ ਕਵਿਤਾ ਨਿਰਾਸ਼ਾਵਾਦੀ ਨਹੀਂ, ਕਿਸਮਤਵਾਦੀ ਵੀ ਨਹੀਂ ਜੇ ਕਿਧਰੇ ਮਾਸਾ ਕੁ ਨਿਰਾਸ਼ਾਵਾਦ ਝਲਕ ਦਾ ਹੈ ਤਾਂ ਉਹ ਕਿਸਮਤ ਜਾਂ ਮੁਕੱਦਰ ਦਾ ਲੜ ਫੜਨ ਨੂੰ ਨਹੀਂ ਕਹਿੰਦਾ ਸਗੋਂ ਮਾਰਕਸੀ ਪਾਸਾ ਪਲਟਣ ਦਾ ਗੁੱਝਾ ਭੇਤ ਵੀ ਉਸ ਦੇ ਕਾਵਿ ਅੰਦਰ ਛੁਪਿਆ ਹੈ। ਕਿਸਮਤ ਉਸ ਦੀ ਨਜ਼ਰੇ ਕੋਈ ਸ਼ੈਅ ਹੈ ਹੀ ਨਹੀਂ ਮੁਕੱਦਰ ਦਾ ਲੜ ਫੜੀ ਬੈਠੇ ਉਸ ਨੂੰ ਬੇਹਿੰਮਤੇ ਜਾਪਦੇ ਨੇ ਉਹ ਤਾਂ ਪੱਥਰਾਂ ਨੂੰ ਚੀਰ ਕੇ ਫੁੱਟਣ ਦਾ ਬਲ ਰੱਖਣ ਦੀ ਪ੍ਰੇਰਨਾ ਦਿੰਦਾ ਹੈ। ਇਹੋ ਪ੍ਰੇਰਨਾ ਕਿਤਿਓਂ ਵੀ ਪੈਦਾ ਹੋਏ ਨਿਰਾਸ਼ਾਵਾਦ ਨੂੰ ਆਸ਼ਾਵਾਦ ਦੇ ਰੂਪ ਵਿਚ ਬਦਲਦੀ ਹੈ।

ਬੇ ਹਿੰਮਤੇ ਨੇ ਜਿਹੜੇ ਬਹਿ ਕੇ
ਸ਼ਿਕਵਾ ਕਰਨ ਮੁਕੱਦਰਾਂ ਦਾ,
ਉੱਗਣ ਵਾਲੇ ਉੱਗ ਪੈਂਦੇ ਨੇ
ਸੀਨਾ ਪਾੜ ਕੇ ਪੱਥਰਾਂ ਦਾ।
-ਮੰਜ਼ਿਲ ਦੇ ਮੱਥੇ ਦੇ ਉੱਤੇ
ਤਖ਼ਤੀ ਲੱਗਦੀ ਉਨ੍ਹਾਂ ਦੀ,
ਜਿਹੜੇ ਘਰੋਂ ਬਣਾ ਕੇ ਤੁਰਦੇ
ਨਕਸ਼ਾ ਆਪਣੇ ਸਫ਼ਰਾਂ ਦਾ।



ਕਿਸਮਤ ਨੂੰ ਪਿੱਟਣਾ ਕਿਸੇ ਮੁਸ਼ਕਿਲ ਦਾ ਹੱਲ ਨਹੀਂ ਸਭ ਮੁਸਾਫ਼ਿਰ ਇਕੋ ਪੈਂਡਾ ਤੈਅ ਕਰ ਇੱਕੋ ਮੰਜ਼ਿਲ 'ਤੇ ਪੁੱਜਦੇ ਹਨ, ਤਕਦੀਰਾਂ ਉਹੀ ਪਿੱਟਦੇ ਹਨ ਜੋ ਕੁਝ ਨਾ ਕਰਨ ਦਾ ਮਨ ਬਣਾਈ ਬੈਠੇ ਨੇ।

ਰਸਤਾ ਪੈਂਡਾ ਵੇਲਾ ਇੱਕੋ
ਮੰਜ਼ਿਲ ਉੱਤੇ ਅਪੜਨ ਦਾ
ਪਿੱਟਣਗੇ ਤਕਦੀਰਾਂ ਬਹਿ ਕੇ
ਜ਼ਰਾ ਵੀ ਜਿਹੜੇ ਢਿੱਲੇ ਰਹੇ...

ਬਾਬਾ ਨਜ਼ਮੀ ਸ਼ਬਦ ਜਾਲ ਵਿਚ ਉਲਝਾਉਂਦਾ ਨਹੀਂ ਅਤੇ ਨਾ ਹੀ ਘੁਮਾ ਫਿਰਾ ਕੇ ਗੱਲ ਕਹਿੰਦਾ ਹੈ ਲੋਕਾਂ ਦੇ ਦੁੱਖ ਦਰਦ ਨੂੰ ਹਕੂਮਤ ਤਕ ਕਾਸਦ ਬਣ ਕੇ ਬਿਨਾਂ ਪਰਦੇ ਸਿੱਧਾ ਅੱਪੜਦਾ ਕਰਦਾ ਹੈ। ਉਸ ਦੀ ਨਜ਼ਰੇ ਹਾਕਮ ਦੇ ਰਾਜ ਵਿਚ ਜੇ ਕਰ ਰੱਜਵਾਂ ਟੁੱਕ ਨਹੀਂ ਮਿਲਦਾ ਤਾਂ ਹਾਕਮ ਮਨੁੱਖ ਕਹਾਉਣ ਦੇ ਕਾਬਲ ਨਹੀਂ।

ਜਿਸ ਧਰਤੀ 'ਤੇ ਰੱਜਵਾਂ ਟੁੱਕਰ
ਖਾਂਦੇ ਨਹੀਂ ਮਜ਼ਦੂਰ,
ਉਸ ਧਰਤੀ ਦੇ ਹਾਕਮ ਕੁੱਤੇ
ਉਸ ਦੇ ਹਾਕਮ ਚੂਰ...

ਨਜ਼ਮੀ ਝੱਖੜਾਂ ਵਿਚ ਪੰਜਾਬੀ ਦਾ ਦੀਵਾ ਬਾਲਣ ਦਾ ਦਮ ਰੱਖਦਾ ਹੈ। ਪੰਜਾਬੀ ਨੂੰ ਅੱਗੇ ਲੈ ਕੇ ਜਾਣ ਵਾਲਿਆਂ ਤੇ ਮਾਣ ਕਰਦਾ ਹੈ ਪੰਜਾਬੀ ਦੇ ਹੱਕ ਵਿਚ ਹਿੱਕ ਠੋਕ ਕੇ ਨਾਅਰਾ ਹੀ ਨਹੀਂ ਲਾਉਂਦਾ ਸਗੋਂ ਸਭ ਤੋਂ ਅੱਗੇ ਪਰਚਮ ਚੁੱਕ ਕੇ ਤੁਰਨ ਲਈ ਤਿਆਰ ਵੀ ਰਹਿੰਦਾ ਹੈ। ਉਹ ਪੰਜਾਬੀ ਨਾ ਬੋਲਣ ਵਾਲਿਆਂ ਨੂੰ ਗ਼ੱਦਾਰ ਦਾ ਫ਼ਤਵਾ ਦਿੰਦਾ ਹੈ

ਆਪਣੀ ਬੋਲੀ ਬੋਲਣ ਲੱਗੇ
ਜਿਨ੍ਹਾਂ ਦਾ ਸਾਹ ਘੁੱਟ ਦਾ ਹੈ
ਬਾਬਾ ਨਜ਼ਮੀ ਦੇ ਦੇ ਫ਼ਤਵਾ
ਉਹ ਗ਼ੱਦਾਰ ਪੰਜਾਬੀ ਨੇ...

ਸਮਾਜਿਕ, ਰਾਜਨੀਤਿਕ ਪ੍ਰਦੂਸ਼ਣ ਦੇ ਨਾਲ ਨਾਲ ਧਾਰਮਿਕ ਪ੍ਰਦੂਸ਼ਣ ਵੀ ਵਧ ਰਿਹਾ ਹੈ। ਇੱਥੇ ਰਹਿਣ ਵਾਲੇ ਮਨੁੱਖਾਂ ਵਿਚ ਧਾਰਮਿਕ ਨਿਰਪੱਖਤਾ ਦੀ ਥਾਂ ਕੱਟੜਵਾਦ ਨੂੰ ਹੋਰ ਹਵਾ ਦੇਣ ਵਾਲਾ ਵਿਚਾਰ 'ਮੇਰਾ ਧਰਮ ਸਭ ਤੋਂ ਮਹਾਨ ਜਾਂ ਉੱਚਾ ਹੈ' ਮਨ ਵਿਚ ਘਰ ਕਰੀ ਬੈਠਾ ਹੈ। ਮੰਦਰ ਮਸਜਿਦ ਗਿਰਜੇ ਸ਼ਾਂਤੀ ਦਾ ਪ੍ਰਤੀਕ ਹਨ ਪਰ ਲੋਕਾਂ ਨੇ ਧਾਰਮਿਕ ਕਦਰਾਂ ਕੀਮਤਾਂ ਨੂੰ ਪਿਛਾਂਹ ਸੁੱਟ ਕੇ ਆਪ ਘੜੇ ਅਨੈਤਿਕ ਅਸੂਲਾਂ ਨੂੰ ਧਰਮ ਦਾ ਨਾਂ ਦੇ ਦਿੱਤਾ ਹੈ। ਜਿਸ ਨਾਲ ਦੋ ਧਿਰਾ ਦੇ ਟਕਰਾਅ ਦੀ ਸਥਿਤੀ ਬਣੀ ਰਹਿੰਦੀ ਹੈ ਪਰ ਬਾਬਾ ਨਜ਼ਮੀ ਨੇ ਮੰਦਿਰ ਮਸਜਿਦ ਦਾ ਸੁਨੇਹਾ ਸ਼ਾਂਤੀਪੂਰਨ ਢੰਗ ਨਾਲ ਦਿੱਤਾ ਹੈ ਅਤੇ ਬਾਹਰੀ ਤੌਰ 'ਤੇ ਆਪਸ ਵਿਚ ਲੜਨ ਤੋਂ ਰੋਕ ਕੇ ਅੰਦਰੂਨੀ ਤੌਰ ਤੇ ਅਸਲੀ ਧਰਮ ਨੂੰ ਸਮਝਣ ਲਈ ਆਪਣੀ ਧਾਰਮਿਕ ਵਿਚਾਰਧਾਰਾ ਦਿੱਤੀ ਹੈ। ਉਸ ਦੀ ਨਜ਼ਰ ਵਿਚ ਧਰਮ ਇਕਸਾਰ ਹੋਣ ਮੰਦਿਰ ਅੱਗੇ ਨਮਾਜ਼ ਲਈ ਹੱਥ ਚੁੱਕੇ ਜਾਣ ਅਤੇ ਮਸਜਿਦ ਅੱਗੇ ਸਿਰ ਝੁਕ ਜਾਵੇ

ਮਸਜਿਦ ਮੇਰੀ ਤੂੰ ਕਿਉਂ ਢਾਵੇ
ਮੈਂ ਕਿਉਂ ਤੋੜਾਂ ਮੰਦਰ ਨੂੰ,
ਆ ਜਾ ਦੋਵੇ ਬਹਿ ਕੇ ਪੜ੍ਹੀਏ
ਇਕ ਦੂਜੇ ਦੇ ਅੰਦਰ ਨੂੰ।
ਸਦੀਆਂ ਵਾਂਗੂ ਅੱਜ ਵੀ ਕੁਝ ਨਈਂ
ਜਾਣਾ ਮਸਜਦ ਮੰਦਿਰ ਦਾ,
ਲਹੂ ਤੇ ਤੇਰਾ ਮੇਰਾ ਲੱਗਣਾ
ਇਕ ਦੂਜੇ ਦੇ ਪੰਜਰ ਨੂੰ।

ਸਮਾਜਿਕ ਆਰਥਿਕ ਸਿਸਟਮ ਵਿਚ ਕ੍ਰਾਂਤੀ ਲਿਆਉਣ ਲਈ ਮਾਰਕਸ ਵਾਂਗ ਭਵਿੱਖ ਬਾਣੀ ਵੀ ਕਰਦਾ ਹੈ। ਉਸ ਨੂੰ ਲੱਗਦਾ ਹੈ ਲੋਕ ਆਪਣੀ ਨੀਂਦ ਵਿੱਚੋਂ ਜਾਗ ਕੇ, ਤਕੜੇ ਦੇ ਇਕ ਨਾ ਇਕ ਦਿਨ ਸਿੰਗ ਜ਼ਰੂਰ ਭੰਨਣਗੇ।

ਦਿੱਤੀ ਢਿੱਲ ਤੇ ਤੇਰੇ ਅੰਬਰ ਸਾਂਵੇਗੀ
ਰੱਖੀ ਜਿਹੜੀ ਸੀਨੇ ਵਿੱਚ ਦਬਾ ਕੇ ਅੱਗ।
ਕਿਬਲਾ ਸਿੱਧਾ ਕਰ ਲਉ ਆਪਣਾ ਚੌਧਰੀਓ,
ਜਨਤਾ ਨਿੱਕਲ ਪਵੇ ਨਾ ਕਿਧਰੇ ਖਾ ਕੇ ਅੱਗ।

ਬਾਬਾ ਨਜ਼ਮੀ ਯਥਾਰਥ ਪੇਸ਼ ਕਰਦਾ ਹੈ ਉਹ ਕਿਸੇ ਵੀ ਕੀਮਤ 'ਤੇ ਹਾਕਮ ਦੇ ਕਸੀਦੇ ਨਹੀਂ ਕਹਿਣਾ ਚਾਹੁੰਦਾ ਸਗੋਂ ਕਾਣੀ ਵੰਡ ਦਾ ਢਡੋਰਾ ਪਿੱਟਦਾ ਹੈ। ਬਾਬਾ ਨਜ਼ਮੀ ਸਿਰਫ਼ ਕਵਿਤਾ ਵਿਚ ਹੀ ਸਮਾਜਿਕ ਆਰਥਿਕ ਭਾਸ਼ਾਈ ਸਮੱਸਿਆਵਾਂ ਲਈ ਨਹੀਂ ਲੜਦਾ ਸਗੋਂ ਅਸਲ ਜਿੰਦਗੀ ਵਿਚ ਵੀ ਇਕ ਜੁਝਾਰੂ ਸ਼ਖ਼ਸੀਅਤ ਹੈ।•

ਗ਼ਜ਼ਲਾਂ

ਰੁੱਤ ਬਿਰਹੇ ਦੀ ਪੌਣ ਉਦਾਸੀ, ਗਾਉਣ ਨਾ ਪੰਛੀ ਰਾਗ।
ਹਿੰਮਤ ਕਰ ਕੇ ਵੇਖ, ਸਵੇਰਾ ਗ਼ਫ਼ਲਤ ਵਿੱਚੋਂ ਜਾਗ।

ਲੁੱਟ ਕੇ ਲੈ ਗਈ ਮਹਿਕ ਫੁੱਲਾਂ ਦੀ, ਲੂਅ ਨਸ਼ਿਆਂ ਦੀ ਵੱਗਦੀ,
ਪੱਤਝੜ ਬਣ ਕੇ ਸਹਿਕ ਰਹੇ ਨੇ, ਉੱਜੜ ਗਏ ਜੋ ਬਾਗ਼।

ਕੁਰੀਤੀਆਂ, ਨ੍ਹੇਰੀਆਂ ਰਾਤਾਂ, ਖੰਡਰ ਬਣਗੇ ਸੱਥਾਂ ਦੇ,
ਨਫ਼ਸੀ ਟੋਲੇ ਡੰਗ ਮਾਰਦੇ, ਬਣ ਕੇ ਜ਼ਹਿਰੀ ਨਾਗ।

ਨ੍ਹੇਰ ਗਮਾਂ ਦਾ, ਚਿਹਰਿਆਂ ਉੱਪਰ, ਜਦੋਂ ਕਦੇ ਛਾ ਜਾਂਦਾ,
ਬਣ ਜਾਣ ਹਰਫ਼ ਹਕੀਕੀ ਸ਼ਾਇਰ ਜਗਦੇ ਰਹਿਣ ਚਰਾਗ।

ਧੀਆਂ, ਭੈਣਾਂ ਦੇ ਰਿਸ਼ਤਿਆਂ ਨੂੰ ਦਾਗ਼ ਨਾ ਲੱਗੇ ਕੋਈ,
ਅੱਲਖਾਂ ਵਾਲੇ ਰਹਿਣ ਜਿਉਂਦੇ, ਸਦੀਆਂ ਤਕ ਸ਼ੁਹਾਗ।

ਜ਼ਿੰਦਗੀ 'ਚ ਲਿਖੇ ਹਰਫ਼ਾ ਨੂੰ, ਸਫ਼ਲ ਤਾਂ ਹੀ ਮੰਨੀਏ,
ਮਿਲੀਏ ਜਦ ਵੀ ਗਲਵੱਕੜੀ ਪਾਈਏ, ਦਿਲ ਚੋਂ ਉਠੇ ਵੈਰਾਗ।

• ਮੇਜਰ ਸਿੰਘ ਰਾਜਗੜ੍ਹ, *ਮੋਬਾਈਲ : 98766-64204*

ਭੁੱਖ ਮਰੀ ਤੇ ਬੇਕਾਰੀ ਹੈ ਸਾਡੇ ਰਾਜ ਲਈ।
ਭਾਵੇਂ ਕਿੰਨੇ ਨੇਤਾ ਬਦਲੇ ਚੰਗੇ ਕਾਜ ਲਈ।

ਸੋਨ ਚਿੜੀ ਤੋਂ ਭਗਤ, ਸਰਾਭਾ ਜਾਨਾਂ ਵਾਰ ਗਏ,
ਫਿਰ ਵੀ ਖ਼ਾਬ ਅਧੂਰੇ ਨੇ ਉੱਚੀ ਪਰਵਾਜ਼ ਲਈ।

ਰਾਜ ਨਹੀਂ ਸੇਵਾ ਹੈ ਆਖਣ ਵੋਟਾਂ ਤੋਂ ਪਹਿਲਾਂ,
ਲੁੱਟਣ ਲੱਗੇ ਨੇਤਾ ਬਣ ਕੁਰਸੀ ਤੇ ਤਾਜ ਲਈ।

ਹਾੜੀ ਸਾਉਣੀ ਚੁੱਕੇ ਕਰਜ਼ੇ ਦੀ ਨਾ ਕਿਸ਼ਤ ਮੁੜੇ,
ਹੁਣ ਧੌਲੀ ਦਾੜੀ ਰੁੱਲ ਗਈ ਬੈਂਕ ਵਿਆਜ ਲਈ।

ਕੁੱਲੀ, ਗੁੱਲੀ, ਜੁੱਲੀ ਦੇ ਭਾਸ਼ਣ ਦੇਂਦੇ ਨੇਤਾ,
ਜਿੱਤਣ ਕਰਕੇ ਕਰਨ ਦਿਖਾਵਾ ਝੂਠੇ ਪਾਜ ਲਈ।

ਤੇਸਾ ਕਾਂਡੀ ਦਾਤੀ ਹੈ ਰੋਟੀ ਖਾਤਰ ਲੜ ਦੇ,
ਨੰਗੇ ਕਿਰਤੀ ਮਜ਼ਦੂਰਾਂ ਦੀ ਰੱਖਣ ਲਾਜ ਲਈ।

ਦੇਖ ਭਨੋਟ ਤਿਰੰਗਾ ਝੰਡਾ ਖ਼ੂਨ ਸ਼ਹੀਦਾਂ ਦਾ,
ਜਾਗਣ 'ਤੇ ਹੀ ਮਸਲੇ ਹੋਣੇ ਹੱਲ ਸਮਾਜ ਲਈ।



• ਜਤਿੰਦਰ ਭਨੋਟ, *ਮੋਬਾਈਲ : 98780-41593*

ਕਵਿਤਾਵਾਂ

ਤੇਰੀ ਅਣਖ ਹਾਂ

ਪੜ੍ਹ ਕੁਰਆਨ, ਹਦੀਸ, ਸ਼ਰੀਅਤ,
ਕਰਨੀ ਫੇਰ ਤਲਾਕ ਦੀ ਨੀਅਤ।

ਨੱਕ, ਨਮੂਜਾਂ, ਸ਼ਰਮਾਂ ਵਾਲਿਆ,
ਤੇਰੀ ਅਣਖ ਹਾਂ ਕਰਮਾਂ ਵਾਲਿਆ।

ਮੇਰੇ ਉੱਪਰ ਦੂਸ਼ਣ ਧਰਦੈਂ,
ਕਿਉਂ ਭੰਡੀ ਪ੍ਰਚਾਰ ਤੂੰ ਕਰਦੈਂ?

ਤੂੰ ਮੇਰਾ ਜਾਮਾ ਮੈਂ ਤੇਰਾ,
ਕੱਜਣ ਰਹਿ ਜਾਏ ਤੇਰਾ ਮੇਰਾ।

ਸਾਰੇ ਹੱਕ ਹਕੂਕ ਅਦਾ ਕਰ,
ਤੋਹਫ਼ਿਆਂ, ਇੱਜ਼ਤਾਂ ਨਾਲ ਵਿਦਾ ਕਰ।

ਮਰਦ ਉਹੀ ਹੁੰਦਾ ਪੁਰਸ਼ੋਤਮ,
ਪਤਨੀ ਲਈ ਜੋ ਹੈ ਸਰਵੋਤਮ।

ਹੱਲ ਜਦੋਂ ਸਭ ਮੁੱਕ ਜਾਣ ਤਾਂ,
ਤੀਰ ਨਿਸ਼ਾਨਿਉਂ ਉੱਕ ਜਾਣ ਤਾਂ।

ਰੱਬ ਦੀ ਬਖਸ਼ੀ ਦਾਤ ਹੈ ਸਖੀਓ!
ਤਲਾਕ ਨਹੀਂ ਹੈ ਨਿਜਾਤ ਹੈ ਸਖੀਓ!



• ਡਾ. ਰੁਬੀਨਾ ਸ਼ਬਨਮ, *ਮੋਬਾਈਲ : 98783-84579*

ਨਵੇਂ ਸਾਲ ਦੀ ਦਹਿਲੀਜ਼

ਬੀਤ ਦੇ ਸਾਲ ਦੀ ਆਖਰੀ ਸ਼ਾਮ!
ਤੈਨੂੰ ਮੇਰਾ ਸਲਾਮ
ਨਵੇਂ ਸਾਲ ਦੀ ਦਹਿਲੀਜ਼ ਤਕ ਪਹੁੰਚਾਉਣ ਦਾ
ਤੇਰਾ ਬੜਾ ਅਹਿਸਾਨ..!
ਆਖਰੀ ਸ਼ਾਮ
ਤੈਥੋਂ ਮੈਨੂੰ ਕੋਈ ਸ਼ਿਕਵਾ ਨਹੀਂ ਹੈ
ਪਰ ਹਾਂ! ਬੀਤੇ ਸਾਲ ਨੂੰ ਜ਼ਰੂਰ ਹੈ ਇੰਨਾਂ ਕਹਿਣਾ..!
ਕਿ ਪਿਛਲੇ ਕੁਝ ਸਮੇਂ ਦੌਰਾਨ
ਦੇਸ਼ ਵਿਚਲੀ ਗੰਗਾ-ਜਮਨੀ ਤਹਿਜ਼ੀਬੀ ਕਦਰਾਂ ਨੂੰ
ਢਹਿ-ਢੇਰੀ ਕਰਨ ਵਾਲੇ
ਫਿਰਕਾ-ਪ੍ਰਸਤੀ ਦਾ ਲਾਂਬੂ ਲਾ
ਮਾਸੂਮ-ਮਨੁਖੱਤਾ ਦਾ ਘਾਣ ਕਰਨ ਵਾਲੇ
ਜੋ ਸਿਲਸਿਲੇ ਚੱਲ੍ਹੇ ਸੀ!
ਉਹ ਇਸ ਸਾਲ ਵੀ ਰੁਕੇ ਨਹੀਂ ਹਨ!
ਹਾਂ..
ਦੇਸ਼ ਦੇ ਮਜਬੂਰ ਤੇ ਬੇ-ਬਸ ਕਿਸਾਨ
ਅਪਣੀਆਂ ਮ

ਹਰਿਆਣਾ ਕੋਲਡ ਚੇਨ ਨੀਤੀ ਨੂੰ ਮੁੱਖ ਮੰਤਰੀ ਨੇ ਦਿੱਤੀ ਮਨਜ਼ੂਰੀ

➢ ਖੇਤ ਤੋਂ ਬਾਜ਼ਾਰ ਤੱਕ ਮਜ਼ਬੂਤ ਹੋਵੇਗੀ ਸਪਲਾਈ ਵਿਵਸਥਾ : ਸ਼ਿਆਮ ਸਿੰਘ ਰਾਣਾ ➢ ਕਿਸਾਨਾਂ ਨੂੰ ਬਿਹਤਰ ਭਾਅ ਦਿਵਾਉਣ, ਵਾਢੀ ਤੋਂ ਬਾਅਦ ਹੋਣ ਵਾਲੇ ਨੁਕਸਾਨ ਨੂੰ ਘਟਾਉਣ ਅਤੇ ਆਧੁਨਿਕ ਕੋਲਡ ਚੇਨ ਵਿਕਸਿਤ ਕਰਨ 'ਤੇ ਰਹੇਗਾ ਜ਼ੋਰ ➢ ਬਾਗਬਾਨੀ ਵਿਭਾਗ ਦੇ ਤਾਲਮੇਲ ਨਾਲ ਜੁੜਨਗੇ ਵੱਖ-ਵੱਖ ਵਿਭਾਗ ਅਤੇ ਸੰਸਥਾਵਾਂ



ਚੰਡੀਗੜ੍ਹ, 22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਦੱਸਿਆ ਕਿ ÷ਹਰਿਆਣਾ ਕੋਲਡ ਚੇਨ ਨੀਤੀ÷ ਸੂਬੇ ਵਿੱਚ ਖੇਤੀਬਾੜੀ ਉਪਜ ਦੇ ਸੰਗ੍ਰਹਿ, ਭੰਡਾਰਨ, ਆਵਾਜਾਈ ਅਤੇ ਮਾਰਕਟਿੰਗ ਨੂੰ ਇੱਕ-ਦੂਜੇ ਨਾਲ ਜੋੜਨ ਦਾ ਆਧਾਰ ਬਣੇਗੀ। ਇਸ ਨੀਤੀ ਦਾ ਉਦੇਸ਼ ਸਿਰਫ਼ ਕੋਲਡ ਸਟੋਰੇਜ ਬਣਾਉਣਾ ਹੀ ਨਹੀਂ, ਸਗੋਂ ਕਿਸਾਨਾਂ ਦੀ ਉਪਜ ਨੂੰ ਬਿਹਤਰ ਗੁਣਵੱਤਾ ਦੇ ਨਾਲ ਵਧੇਰੇ ਲਾਹੇਵੰਦ ਬਾਜ਼ਾਰਾਂ ਤੱਕ ਪਹੁੰਚਾਉਣਾ ਹੈ। ਇਸ ਰਾਹੀਂ ਵਾਢੀ ਤੋਂ ਬਾਅਦ ਹੋਣ ਵਾਲੇ ਨੁਕਸਾਨ ਨੂੰ ਘਟਾਉਣ, ਕਿਸਾਨਾਂ ਦੀ ਆਮਦਨ ਵਧਾਉਣ, ਨਿੱਜੀ ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਊਰਜਾ-ਕੁਸ਼ਲ ਤੇ ਵਾਤਾਵਰਣ-ਅਨੁਕੂਲ ਤਕਨੀਕਾਂ ਅਪਣਾਉਣ 'ਤੇ ਧਿਆਨ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਨੇ ਇਸ ਨਵੀਂ ਨੀਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਉਤਪਾਦਨ ਖੇਤਰਾਂ ਨਾਲ ਜੁੜਨਗੇ ਪੈਕਹਾਊਸ, ਕੋਲਡ ਸਟੋਰੇਜ ਅਤੇ ਰੈਫ੍ਰਿਜਰੇਟਿਡ ਆਵਾਜਾਈ ਸਹੂਲਤਾਂ

ਸ੍ਰੀ ਸ਼ਿਆਮ ਸਿੰਘ ਰਾਣਾ ਨੇ ਦੱਸਿਆ ਕਿ ÷ਹਰਿਆਣਾ ਕੋਲਡ ਚੇਨ ਨੀਤੀ÷ ਤਹਿਤ ਸਥਾਨਕ ਉਤਪਾਦਨ ਅਤੇ ਬਾਜ਼ਾਰ ਦੀ ਮੰਗ ਦੇ ਆਧਾਰ 'ਤੇ ਜ਼ਿਲ੍ਹਾ ਪੱਧਰ 'ਤੇ ਲੋੜੀਂਦੀਆਂ ਸਹੂਲਤਾਂ ਦੀ ਪਛਾਣ ਕੀਤੀ ਜਾਵੇਗੀ। ਉਤਪਾਦਨ ਕਲੱਸਟਰਾਂ ਵਿੱਚ ਆਧੁਨਿਕ ਪੈਕਹਾਊਸ, ਸੰਗ੍ਰਹਿ ਕੇਂਦਰ, ਪ੍ਰੀ-ਕੂਲਿੰਗ ਯੂਨਿਟਾਂ, ਕੋਲਡ ਸਟੋਰੇਜ ਅਤੇ ਰੈਫ੍ਰਿਜਰੇਟਿਡ ਆਵਾਜਾਈ ਸਹੂਲਤਾਂ ਦੇ ਤਾਲਮੇਲ ਵਾਲੇ ਵਿਕਾਸ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਪਿੰਡ ਪੱਧਰ ਦੇ ਪੈਕਹਾਊਸ ਕਿਸਾਨਾਂ ਦੀ ਉਪਜ ਇਕੱਠੀ ਕਰਨ, ਸਾਫ਼ ਕਰਨ, ਛਾਂਟੀ, ਗ੍ਰੇਡਿੰਗ ਅਤੇ ਪੈਕਿੰਗ ਤੋਂ ਬਾਅਦ ਬਾਜ਼ਾਰ ਵਿੱਚ ਭੇਜਣ ਦੇ ਕੇਂਦਰਾਂ ਵਜੋਂ ਕੰਮ ਕਰਨਗੇ। ਇਨ੍ਹਾਂ ਦੇ ਨਾਲ ਆਵਾਜਾਈ ਅਤੇ ਅਗਲੇ ਪੜਾਅ ਦੇ ਬਾਜ਼ਾਰ ਸੰਪਰਕ ਨੂੰ ਜੋੜਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਕਿਸਾਨਾਂ ਨੂੰ ਆਪਣੀ ਉਪਜ ਤੁਰੰਤ ਵੇਚਣ ਦੀ ਮਜਬੂਰੀ ਤੋਂ ਰਾਹਤ ਦਿਵਾਉਣਾ, ਵਿਚੋਲਿਆਂ 'ਤੇ ਨਿਰਭਰਤਾ ਘਟਾਉਣਾ ਅਤੇ ਆਪਣੀ ਪਸੰਦ ਦੇ ਬਾਜ਼ਾਰ ਤੱਕ ਪਹੁੰਚ ਬਣਾਉਣ ਦੇ ਵਧੇਰੇ ਮੌਕੇ ਪ੍ਰਦਾਨ ਕਰਨਾ ਇਸ ਨੀਤੀ ਦਾ ਮੁੱਖ ਉਦੇਸ਼ ਹੈ। ਕਿਸਾਨ ਉਤਪਾਦਕ ਸੰਗਠਨਾਂ ਰਾਹੀਂ ਉਪਜ ਇਕੱਠੀ ਕਰਨ ਦੇ ਨਾਲ-ਨਾਲ ਪ੍ਰਚੂਨ ਵਪਾਰਕ ਚੇਨਾਂ, ਪ੍ਰੋਸੈਸਿੰਗ ਯੂਨਿਟਾਂ, ਨਿਰਯਾਤਕਾਂ ਅਤੇ ਈ-ਕਾਮਰਸ ਪਲੇਟਫਾਰਮਾਂ ਨਾਲ ਸਿੱਧੇ ਸੰਪਰਕ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਔਰਤਾਂ ਅਤੇ ਵਾਂਝੇ ਕਿਸਾਨ ਵਰਗਾਂ ਦੀ ਭਾਗੀਦਾਰੀ 'ਤੇ ਵੀ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਨੇ ਅੱਗੇ ਦੱਸਿਆ ਕਿ ਇਸ ਨੀਤੀ ਦਾ ਦਾਇਰਾ ਸਿਰਫ਼ ਫਲਾਂ ਅਤੇ ਸਬਜ਼ੀਆਂ ਤੱਕ ਸੀਮਤ ਨਹੀਂ ਹੈ। ਇਸ ਵਿੱਚ ਅਨਾਜ, ਦਾਲਾਂ, ਤੇਲ ਬੀਜ, ਮਸਾਲੇ, ਦੁੱਧ, ਅੰਡੇ, ਮੱਛੀ, ਮੀਟ ਅਤੇ ਸੁੱਕੇ ਮੇਵਿਆਂ ਸਮੇਤ ਖੇਤੀਬਾੜੀ ਅਤੇ ਸਹਾਇਕ ਖੇਤਰਾਂ ਦੀਆਂ ਪ੍ਰਮੁੱਖ ਜਲਦੀ ਖ਼ਰਾਬ ਹੋਣ ਵਾਲੀਆਂ ਅਤੇ ਤਾਪਮਾਨ ਪ੍ਰਤੀ ਸੰਵੇਦਨਸ਼ੀਲ ਵਸਤੂਆਂ ਸ਼ਾਮਲ ਹਨ।

ਬਾਗਬਾਨੀ ਵਿਭਾਗ ਕਰੇਗਾ ਤਾਲਮੇਲ, ਸਬੰਧਤ ਵਿਭਾਗ ਕਰਨਗੇ ਲਾਗੂ

ਉਨ੍ਹਾਂ ਦੱਸਿਆ ਕਿ ਬਾਗਬਾਨੀ ਵਿਭਾਗ ਨੋਡਲ ਵਿਭਾਗ ਵਜੋਂ ਵੱਖ-ਵੱਖ ਵਿਭਾਗਾਂ ਵਿਚਕਾਰ ਤਾਲਮੇਲ, ਯੋਜਨਾਵਾਂ ਦੇ ਆਪਸੀ ਤਾਲਮੇਲ, ਪ੍ਰਗਤੀ ਦੀ ਸਮੀਖਿਆ ਅਤੇ ਨਤੀਜਿਆਂ ਦੀ ਨਿਗਰਾਨੀ ਕਰੇਗਾ। ਸਾਰੇ ਕੰਮ ਸਿਰਫ਼ ਬਾਗਬਾਨੀ ਵਿਭਾਗ ਵੱਲੋਂ ਹੀ ਨਹੀਂ ਕੀਤੇ ਜਾਣਗੇ। ਸਬੰਧਤ ਸਰਕਾਰੀ ਵਿਭਾਗਾਂ, ਬੋਰਡਾਂ, ਨਿਗਮਾਂ ਅਤੇ ਸੰਸਥਾਵਾਂ ਨੂੰ ਕੰਮ ਦੀ ਪ੍ਰਕਿਰਤੀ, ਉਨ੍ਹਾਂ ਦੇ ਕਾਰਜ ਖੇਤਰ ਅਤੇ ਤਕਨੀਕੀ ਲੋੜਾਂ ਅਨੁਸਾਰ ਸੂਬਾ ਸਰਕਾਰ ਵੱਲੋਂ ਜ਼ਿੰਮੇਵਾਰੀਆਂ ਸੌਂਪੀਆਂ ਜਾਣਗੀਆਂ।

ਸੂਬਾ ਪੱਧਰੀ ਨਿਗਰਾਨੀ ਪ੍ਰਣਾਲੀ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ, ਪਸ਼ੂ ਪਾਲਣ ਅਤੇ ਡੇਅਰੀ, ਮੱਛੀ ਪਾਲਣ, ਸਹਿਕਾਰਤਾ ਅਤੇ ਨਵੀਂ ਤੇ ਨਵਿਆਉਣਯੋਗ ਊਰਜਾ ਖੇਤਰ ਦੇ ਨੁਮਾਇੰਦਿਆਂ ਦੇ ਨਾਲ ਹਰਿਆਣਾ ਰਾਜ ਖੇਤੀਬਾੜੀ ਮਾਰਕੀਟਿੰਗ ਬੋਰਡ, ਨਾਬਾਰਡ ਅਤੇ ਖੋਜ ਸੰਸਥਾਵਾਂ ਦੀ ਭਾਗੀਦਾਰੀ ਰਹੇਗੀ। ਇਸ ਨੀਤੀ ਵਿੱਚ ਮਾਰਕੀਟਿੰਗ ਬੋਰਡ ਦੀ ਭੂਮਿਕਾ ਮੰਡੀਆਂ, ਸੰਗ੍ਰਹਿ ਅਤੇ ਆਵਾਜਾਈ ਨਾਲ ਸਬੰਧਤ ਸਹੂਲਤਾਂ ਨਾਲ ਜੁੜੀ ਹੋਈ ਹੈ, ਜਦੋਂਕਿ ਹਰੇਡਾ ਨਵਿਆਉਣਯੋਗ ਊਰਜਾ ਅਤੇ ਊਰਜਾ-ਕੁਸ਼ਲ ਕੋਲਡ ਚੇਨ ਪ੍ਰਣਾਲੀਆਂ ਨੂੰ ਉਤਸ਼ਾਹਿਤ ਕਰਨ ਵਿੱਚ ਸਹਿਯੋਗ ਕਰ ਸਕਦਾ ਹੈ। ਤਕਨੀਕੀ ਸੰਸਥਾਵਾਂ, ਖੇਤੀਬਾੜੀ ਵਿਗਿਆਨ ਕੇਂਦਰਾਂ ਅਤੇ ਯੂਨੀਵਰਸਿਟੀਆਂ ਨੂੰ ਤਕਨੀਕੀ ਮਾਰਗਦਰਸ਼ਨ, ਸਮਰੱਥਾ ਨਿਰਮਾਣ ਅਤੇ ਪ੍ਰਾਜੈਕਟਾਂ ਦੀ ਕਾਰਜਕੁਸ਼ਲਤਾ ਵਿੱਚ ਸੁਧਾਰ ਲਈ ਜੋੜਿਆ ਜਾਵੇਗਾ।

ਬਾਜ਼ਾਰ ਭਾਅ ਅਤੇ ਆਵਾਜਾਈ ਦੀ ਜਾਣਕਾਰੀ ਨਾਲ ਕਿਸਾਨਾਂ ਨੂੰ ਮਿਲੇਗੀ ਮਦਦ

ਉਨ੍ਹਾਂ ਦੱਸਿਆ ਕਿ ਪੈਕਹਾਊਸਾਂ 'ਤੇ ਰੋਜ਼ਾਨਾ ਬਾਜ਼ਾਰ ਭਾਅ ਅਤੇ ਆਵਾਜਾਈ ਦੀ ਉਪਲਬਧਤਾ ਸਬੰਧੀ ਜਾਣਕਾਰੀ ਪ੍ਰਦਰਸ਼ਿਤ ਕਰਨ ਦੀ ਵਿਵਸਥਾ ਹੈ, ਤਾਂ ਜੋ ਕਿਸਾਨ ਵਾਢੀ ਅਤੇ ਵਿਕਰੀ ਨਾਲ ਸਬੰਧਤ ਫ਼ੈਸਲੇ ਬਿਹਤਰ ਢੰਗ ਨਾਲ ਲੈ ਸਕਣ। ਕਿਸਾਨਾਂ, ਖਰੀਦਦਾਰਾਂ ਅਤੇ ਕੋਲਡ ਚੇਨ ਆਵਾਜਾਈ ਸੇਵਾ ਪ੍ਰਦਾਤਾਵਾਂ ਨੂੰ ਜੋੜਨ ਵਾਲੇ ਡਿਜੀਟਲ ਪਲੇਟਫਾਰਮਾਂ ਦੇ ਵਿਕਾਸ ਨੂੰ ਵੀ ਉਤਸ਼ਾਹਿਤ ਕੀਤਾ ਜਾਵੇਗਾ। ਬਾਜ਼ਾਰ ਵਿੱਚ ਭੇਜੀ ਗਈ ਉਪਜ ਦੀ ਆਵਾਜਾਈ ਅਤੇ ਉਸ ਦੇ ਸਰੋਤ ਦਾ ਪਤਾ ਲਗਾਉਣ ਵਰਗੀਆਂ ਸਹੂਲਤਾਂ ਸਪਲਾਈ ਵਿਵਸਥਾ ਵਿੱਚ ਪਾਰਦਰਸ਼ਤਾ ਵਧਾਉਣ ਵਿੱਚ ਸਹਾਇਕ ਹੋਣਗੀਆਂ।

ਪੁਰਾਣੇ ਕੋਲਡ ਸਟੋਰੇਜ ਦਾ ਆਧੁਨਿਕੀਕਰਨ ਅਤੇ ਊਰਜਾ ਦੀ ਬੱਚਤ 'ਤੇ ਜ਼ੋਰ

ਸ੍ਰੀ ਰਾਣਾ ਨੇ ਇਹ ਵੀ ਦੱਸਿਆ ਕਿ ਮੌਜੂਦਾ ਕੋਲਡ ਸਟੋਰੇਜ ਦੇ ਆਧੁਨਿਕੀਕਰਨ, ਪੁਰਾਣੀਆਂ ਕੂਲਿੰਗ ਪ੍ਰਣਾਲੀਆਂ ਵਿੱਚ ਸੁਧਾਰ, ਸੂਰਜੀ ਅਤੇ ਹੋਰ ਨਵਿਆਉਣਯੋਗ ਊਰਜਾ ਦੀ ਵਰਤੋਂ ਅਤੇ ਵਾਤਾਵਰਣ-ਅਨੁਕੂਲ ਤਕਨੀਕਾਂ ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਊਰਜਾ ਆਡਿਟ, ਡਿਜੀਟਲ ਤਾਪਮਾਨ ਨਿਗਰਾਨੀ ਅਤੇ ਆਵਾਜਾਈ ਦੀ ਟਰੈਕਿੰਗ ਵਰਗੀਆਂ ਵਿਵਸਥਾਵਾਂ 'ਤੇ ਵੀ ਜ਼ੋਰ ਦਿੱਤਾ ਜਾਵੇਗਾ। ਕੋਲਡ ਚੇਨ ਸਹੂਲਤਾਂ ਦੀ ਕਾਰਜਕੁਸ਼ਲਤਾ, ਊਰਜਾ ਦੀ ਖਪਤ, ਉਤਪਾਦਾਂ ਦੇ ਨੁਕਸਾਨ ਅਤੇ ਸੇਵਾ ਦੀ ਗੁਣਵੱਤਾ ਦੇ ਮੁਲਾਂਕਣ ਲਈ ਕਾਰਗੁਜ਼ਾਰੀ ਮਾਪਦੰਡ ਵਿਕਸਿਤ ਕੀਤੇ ਜਾਣਗੇ। ਇਨ੍ਹਾਂ ਮਾਪਦੰਡਾਂ ਦੇ ਆਧਾਰ 'ਤੇ ਮਿਲਣ ਵਾਲੀ ਰੇਟਿੰਗ ਨੂੰ ਪ੍ਰੋਤਸਾਹਨ ਅਤੇ ਆਧੁਨਿਕੀਕਰਨ ਸਹਾਇਤਾ ਨਾਲ ਜੋੜਨ ਦੀ ਵਿਵਸਥਾ ਹੈ।

ਤਿੰਨ ਪੜਾਵਾਂ ਵਿੱਚ ਅੱਗੇ ਵਧੇਗੀ ਨੀਤੀ, ਕਿਸਾਨਾਂ ਨੂੰ ਮਿਲਣ ਵਾਲੇ ਲਾਭ ਨਾਲ ਮਾਪੀ ਜਾਵੇਗੀ ਸਫ਼ਲਤਾ

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਨੇ ਇਹ ਵੀ ਦੱਸਿਆ ਕਿ ÷ਹਰਿਆਣਾ ਕੋਲਡ ਚੇਨ ਨੀਤੀ÷ ਵਿੱਚ ਸਾਲ 2026-2032, 2033-2040 ਅਤੇ 2041-2047 ਦੇ ਤਿੰਨ ਪੜਾਅ ਨਿਰਧਾਰਤ ਕੀਤੇ ਗਏ ਹਨ। ਪਹਿਲੇ ਪੜਾਅ ਵਿੱਚ ਕਾਰਗੁਜ਼ਾਰੀ ਮਾਪਦੰਡ, ਊਰਜਾ ਆਡਿਟ, ਸਿਖਲਾਈ, ਡਿਜੀਟਲ ਸੰਪਰਕ, ਮੌਜੂਦਾ ਸਹੂਲਤਾਂ ਦੇ ਆਧੁਨਿਕੀਕਰਨ ਅਤੇ ਤਰਜੀਹੀ ਉਤਪਾਦਨ ਕਲੱਸਟਰਾਂ 'ਤੇ ਧਿਆਨ ਦਿੱਤਾ ਜਾਵੇਗਾ।

ਅਗਲੇ ਪੜਾਵਾਂ ਵਿੱਚ ਕੋਲਡ ਚੇਨ ਵਿਵਸਥਾ ਦਾ ਵਿਸਥਾਰ, ਨਵਿਆਉਣਯੋਗ ਊਰਜਾ ਦੀ ਵਰਤੋਂ ਅਤੇ ਬਿਹਤਰ ਭਾਅ ਵਾਲੇ ਬਾਜ਼ਾਰਾਂ ਤੇ ਨਿਰਯਾਤ ਬਾਜ਼ਾਰਾਂ ਨਾਲ ਸੰਪਰਕ ਵਧਾਉਣ 'ਤੇ ਜ਼ੋਰ ਦਿੱਤਾ ਜਾਵੇਗਾ।

ਸੋਹਨਾ ਚੌਕ 'ਤੇ 340.78 ਕਰੋੜ ਰੁਪਏ ਦੀ ਲਾਗਤ ਨਾਲ ਬਣੇਗਾ 2.75 ਕਿਲੋਮੀਟਰ ਲੰਬਾ 6-ਲੇਨ ਐਲੀਵੇਟਿਡ ਕੋਰੀਡੋਰ



ਚੰਡੀਗੜ੍ਹ, 22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਲੋਕ ਨਿਰਮਾਣ ਅਤੇ ਜਨ ਸਿਹਤ ਇੰਜੀਨੀਅਰਿੰਗ ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਨੂੰਹ ਜ਼ਿਲ੍ਹੇ ਦੇ ਸੋਹਨਾ ਖੇਤਰ ਨੂੰ ਵੱਡੀ ਸੌਗਾਤ ਦਿੰਦਿਆਂ ਸੋਹਨਾ ਚੌਕ 'ਤੇ 2.75 ਕਿਲੋਮੀਟਰ ਲੰਬੇ 6-ਲੇਨ ਐਲੀਵੇਟਿਡ ਕੋਰੀਡੋਰ ਦੇ ਨਿਰਮਾਣ ਲਈ 340.78 ਕਰੋੜ ਰੁਪਏ ਦੀ ਰਾਸ਼ੀ ਮਨਜ਼ੂਰ ਕੀਤੇ ਜਾਣ 'ਤੇ ਕੇਂਦਰੀ ਸੜਕ ਆਵਾਜਾਈ ਅਤੇ ਰਾਜਮਾਰਗ ਮੰਤਰੀ ਸ੍ਰੀ ਨਿਤਿਨ ਗਡਕਰੀ ਦਾ ਧੰਨਵਾਦ ਕੀਤਾ ਹੈ।

ਉਨ੍ਹਾਂ ਕਿਹਾ ਕਿ ਐਨਐਚ-919 ਅਤੇ ਐਨਐਚ-248ਏ ਦੇ ਜੰਕਸ਼ਨ 'ਤੇ ਬਣਨ ਵਾਲਾ ਇਹ ਐਲੀਵੇਟਿਡ ਕੋਰੀਡੋਰ ਸੋਹਨਾ ਵਿੱਚ ਆਵਾਜਾਈ ਵਿਵਸਥਾ ਨੂੰ ਨਵੀਂ ਰਫ਼ਤਾਰ ਦੇਵੇਗਾ।

ਇਸ ਨਾਲ ਗੁਰੂਗ੍ਰਾਮ-ਨੂੰਹ ਵਿਚਕਾਰੋਂ ਲੰਘਣ ਵਾਲੀ ਆਵਾਜਾਈ ਨੂੰ ਸਥਾਨਕ ਅਤੇ ਕਰਾਸ ਟ੍ਰੈਫਿਕ ਤੋਂ ਵੱਖ ਕੀਤਾ ਜਾ ਸਕੇਗਾ ਅਤੇ ਵਾਹਨਾਂ ਨੂੰ ਵਧੇਰੇ ਸੁਖਾਲੀ ਅਤੇ ਨਿਰਵਿਘਨ ਆਵਾਜਾਈ ਦੀ ਸਹੂਲਤ ਮਿਲੇਗੀ।

ਸ੍ਰੀ ਗੰਗਵਾ ਨੇ ਕਿਹਾ ਕਿ ਖੇਤਰ ਵਿੱਚ ਲਗਾਤਾਰ ਵਧ ਰਹੀ ਆਵਾਜਾਈ ਅਤੇ ਤੇਜ਼ੀ ਨਾਲ ਹੋ ਰਹੇ ਸ਼ਹਿਰੀਕਰਨ ਨੂੰ ਦੇਖਦੇ ਹੋਏ ਇਹ ਪ੍ਰਾਜੈਕਟ ਬਹੁਤ ਮਹੱਤਵਪੂਰਨ ਹੈ। ਐਲੀਵੇਟਿਡ ਕੋਰੀਡੋਰ ਬਣਨ ਨਾਲ ਸੋਹਨਾ ਚੌਕ 'ਤੇ ਆਵਾਜਾਈ ਦਾ ਦਬਾਅ ਘਟੇਗਾ, ਸੜਕ ਦੀ ਸਮਰੱਥਾ ਵਧੇਗੀ ਅਤੇ ਯਾਤਰੀਆਂ ਦੇ ਸਮੇਂ ਦੀ ਬੱਚਤ ਹੋਵੇਗੀ।

ਇਸ ਦੇ ਨਾਲ ਹੀ ਦਿੱਲੀ-ਮੁੰਬਈ ਐਕਸਪ੍ਰੈਸਵੇਅ ਅਤੇ ਕੇਐਮਪੀ ਐਕਸਪ੍ਰੈਸਵੇਅ ਨਾਲ ਖੇਤਰ ਦਾ ਸੰਪਰਕ ਹੋਰ ਬਿਹਤਰ ਹੋਵੇਗਾ।

ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਕਿਹਾ ਕਿ ਹਰਿਆਣਾ ਵਿੱਚ ਮਜ਼ਬੂਤ ਅਤੇ ਆਧੁਨਿਕ ਸੜਕੀ ਨੈੱਟਵਰਕ ਤਿਆਰ ਕਰਨਾ ਸਰਕਾਰ ਦੀਆਂ ਤਰਜੀਹਾਂ ਵਿੱਚ ਸ਼ਾਮਲ ਹੈ। ਇਸ ਪ੍ਰਾਜੈਕਟ ਨਾਲ ਨਾ ਸਿਰਫ਼ ਮੌਜੂਦਾ ਆਵਾਜਾਈ ਵਿਵਸਥਾ ਨੂੰ ਰਾਹਤ ਮਿਲੇਗੀ, ਸਗੋਂ ਖੇਤਰ ਦੀਆਂ ਭਵਿੱਖ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਿਹਤਰ ਸੜਕੀ ਸੰਪਰਕ ਵੀ ਉਪਲਬਧ ਹੋਵੇਗਾ।

ਮੰਤਰੀ ਸ੍ਰੀ ਰਣਬੀਰ ਗੰਗਵਾ ਨੇ ਇਸ ਮਹੱਤਵਪੂਰਨ ਪ੍ਰਾਜੈਕਟ ਨੂੰ ਮਨਜ਼ੂਰੀ ਦੇਣ ਲਈ ਕੇਂਦਰੀ ਮੰਤਰੀ ਸ੍ਰੀ ਨਿਤਿਨ ਗਡਕਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਕੇਂਦਰ ਅਤੇ ਹਰਿਆਣਾ ਸਰਕਾਰ ਦੇ ਸਾਂਝੇ ਯਤਨਾਂ ਨਾਲ ਸੂਬੇ ਵਿੱਚ ਸੜਕੀ ਬੁਨਿਆਦੀ ਢਾਂਚੇ ਨੂੰ ਲਗਾਤਾਰ ਨਵੀਂ ਮਜ਼ਬੂਤੀ ਮਿਲ ਰਹੀ ਹੈ।

ਹਰਿਆਣਾ ਵਿਕਾਸ ਦੀ ਲੀਹ ਤੋਂ ਉਤਰਿਆ: ਹੁੱਡਾ



ਸ਼ਾਹਬਾਦ ਮਾਰਕੰਡਾ, 22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੰਸਦ ਮੈਂਬਰ ਦੀਪੇਂਦਰ ਹੁੱਡਾ ਨੇ ਕਿਹਾ ਕਿ ਹਰਿਆਣਾ ਵਿਕਾਸ ਦੀ ਲੀਹ ਤੋਂ ਉਤਰ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਦੇ ਰਾਜ ਵਿੱਚ ਸੂਬੇ 'ਚ ਬੇਰੁਜ਼ਗਾਰੀ, ਨਸ਼ਾ ਅਤੇ ਅਪਰਾਧ ਵਧਿਆ ਹੈ। ਦੀਪੇਂਦਰ ਹੁੱਡਾ ਪਿੰਡ ਬਾਰਨਾ ਵਿੱਚ 'ਵੋਟ ਬਚਾਓ, ਦੇਸ਼ ਬਚਾਓ' ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਥਾਨੇਸਰ ਦੇ ਵਿਧਾਇਕ ਅਸ਼ੋਕ ਅਰੋੜਾ, ਸ਼ਾਹਬਾਦ ਦੇ ਵਿਧਾਇਕ ਰਾਮ ਕਰਨ ਕਾਲਾ, ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਮੇਵਾ ਸਿੰਘ, ਸਾਬਕਾ ਸੰਸਦ ਮੈਂਬਰ ਕੈਲਾਸ਼ ਸੈਣੀ ਅਤੇ ਸਾਬਕਾ ਵਿਧਾਇਕ ਸੁਲਤਾਨ ਸਿੰਘ ਮੌਜੂਦ ਸਨ।

ਇਸ ਦੌਰਾਨ ਦੀਪੇਂਦਰ ਹੁੱਡਾ ਨੇ ਕਿਹਾ ਕਿ ਹਰ ਵਰਗ ਸਮਝ ਗਿਆ ਹੈ ਕਿ ਭਾਜਪਾ ਵੋਟਾਂ ਚੋਰੀ ਕਰ ਕੇ ਸਰਕਾਰ ਬਣਾਉਂਦੀ ਹੈ, ਜਦੋਂ ਕਿ ਹਰਿਆਣਾ ਵਿੱਚ ਪੂਰਾ ਹਰਿਆਣਾ ਕਹਿ ਰਿਹਾ ਸੀ ਕਿ ਸੂਬੇ ਵਿੱਚ ਕਾਂਗਰਸ ਦੀ ਸਰਕਾਰ ਆ ਰਹੀ ਹੈ, ਪਰ ਭਾਜਪਾ ਨੇ ਵੋਟਾਂ ਚੋਰੀ ਕਰ ਕੇ ਆਪਣੀ ਸਰਕਾਰ ਬਣਾਈ। ਮੁੱਖ ਮੰਤਰੀ ਦੇ ਪੰਜਾਬ ਜਾਣ 'ਤੇ ਉਨ੍ਹਾਂ ਨੇ ਚੁਟਕੀ ਲੈਂਦਿਆਂ ਕਿਹਾ ਕਿ ਹਰਿਆਣਾ ਦੇ ਮੁੱਖ ਮੰਤਰੀ ਪੰਜਾਬ ਜਾ ਕੇ ਵੱਡੇ-ਵੱਡੇ ਵਾਅਦੇ ਕਰ ਰਹੇ ਹਨ ਅਤੇ ਕਹਿ ਰਹੇ ਹਨ ਕਿ ਉਹ ਪੰਜਾਬ ਵਿੱਚ ਨਸ਼ਾ ਬੰਦ ਕਰ ਦੇਣਗੇ, ਪਰ ਅੱਜ ਹਰਿਆਣਾ ਦੀ ਸਥਿਤੀ ਕਿਸੇ ਤੋਂ ਲੁਕੀ ਹੋਈ ਨਹੀਂ ਹੈ। ਵਿਧਾਇਕ ਅਸ਼ੋਕ ਅਰੋੜਾ ਨੇ ਕਿਹਾ ਕਿ ਭਾਜਪਾ ਵਿਕਾਸ ਰਾਹੀਂ ਲੋਕਾਂ ਨੂੰ ਖੁਸ਼ ਕਰਨ ਦੀ ਬਜਾਏ ਵੋਟ ਚੋਰੀ ਕਰਨ ਵਿੱਚ ਵਿਸ਼ਵਾਸ ਰੱਖਦੀ ਹੈ। ਜੇ ਇਸੇ ਤਰ੍ਹਾਂ ਵੋਟ ਚੋਰੀ ਜਾਰੀ ਰਹੀ ਤਾਂ ਲੋਕਤੰਤਰ ਖ਼ਤਮ ਹੋ ਜਾਵੇਗਾ। ਇਸ ਮੌਕੇ ਸਾਬਕਾ ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਪਿੰਡਾਰਸੀ, ਸੁਰਿੰਦਰ ਸੈਣੀ, ਸਰਪੰਚ ਰਣਬੀਰ ਸੂਰਾ, ਕੁਲਦੀਪ ਢਿੱਲੋਂ ਆਦਿ ਮੌਜੂਦ ਸਨ।

ਐਨਐਚਐਮ ਕਰਮਚਾਰੀਆਂ ਨੂੰ ਵੀ ਦਿੱਤੀ ਜਾਵੇਗੀ ਸਿਹਤ ਬੀਮਾ ਕਵਰੇਜ : ਆਰਤੀ ਸਿੰਘ ਰਾਓ



ਚੰਡੀਗੜ੍ਹ, 22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੀ ਸਿਹਤ ਮ

ਐਮ. ਪੀ. ਅੰਮ੍ਰਿਤਪਾਲ ਸਿੰਘ ਸਖ਼ਤ ਸੁਰੱਖਿਆ ਹੇਠ ਦਾਦੀ ਦੇ ਸਸਕਾਰ 'ਚ ਹੋਏ ਸ਼ਾਮਲ; ਲੱਖਾਂ ਦੀ ਗਿਣਤੀ 'ਚ ਪਹੁੰਚੇ ਲੋਕ

3 ਸਾਲ 7 ਮਹੀਨਿਆਂ ਤੋਂ ਵੱਧ ਸਮੇਂ ਬਾਅਦ ਪਰਿਵਾਰ ਵਿਚਕਾਰ ਪਹੁੰਚੇ ਅੰਮ੍ਰਿਤਪਾਲ ਨੇ ਹੱਥ ਜੋੜ ਕੇ ਸੰਗਤ ਦਾ ਕੀਤਾ ਧੰਨਵਾਦ

ਅੰਮ੍ਰਿਤਸਰ, 22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਸਵਰਗੀ ਦਾਦੀ ਮਾਤਾ ਚਰਨ ਕੌਰ ਦਾ ਅੱਜ ਉਨ੍ਹਾਂ ਦੇ ਜੱਦੀ ਪਿੰਡ ਜੱਲੂਪੁਰ ਖੇੜਾ ਵਿਖੇ ਅੰਤਿਮ ਸਸਕਾਰ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੀ ਮ੍ਰਿਤਕ ਦੇਹ ਪੰਜ ਤੱਤਾਂ ਵਿੱਚ ਵਿਲੀਨ ਹੋ ਗਈ। ਸੂਤਰਾਂ ਅਨੁਸਾਰ, ਮਾਤਾ ਚਰਨ ਕੌਰ ਦਾ ਅੰਤਿਮ ਸਸਕਾਰ ਉਨ੍ਹਾਂ ਦੇ ਜੱਦੀ ਖੇਤ ਵਿੱਚ ਕੀਤਾ ਗਿਆ, ਜਿੱਥੇ ਕਰੀਬ ਪੰਜ ਏਕੜ ਰਕਬੇ ਵਿੱਚ ਸਸਕਾਰ ਸਮਾਗਮ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਹਿਰਾਸਤੀ ਪੈਰੋਲ 'ਤੇ ਪੁੱਜੇ ਅੰਮ੍ਰਿਤਪਾਲ ਸਿੰਘ ਪੁਲੀਸ ਸੁਰੱਖਿਆ ਹੇਠ ਅੰਤਿਮ ਰਸਮਾਂ ਦੌਰਾਨ ਕੋਲ ਮੌਜੂਦ ਰਹੇ ਅਤੇ ਇਸ ਮੌਕੇ ਉਨ੍ਹਾਂ ਨੇ ਹੱਥ ਜੋੜ ਕੇ ਲੋਕਾਂ ਦਾ ਧੰਨਵਾਦ ਕੀਤਾ।ਇਸ ਤੋਂ ਪਹਿਲਾਂ ਮਾਤਾ ਚਰਨ ਕੌਰ ਦੀ ਮ੍ਰਿਤਕ ਦੇਹ ਨੂੰ ਅੰਤਿਮ ਸਸਕਾਰ ਲਈ ਉਨ੍ਹਾਂ ਦੇ ਜੱਦੀ ਘਰ ਤੋਂ ਇੱਕ ਸਜਾਈ ਹੋਈ ਟਰਾਲੀ ਰਾਹੀਂ ਸਸਕਾਰ ਵਾਲੀ ਥਾਂ ਵੱਲ ਰਵਾਨਾ ਕੀਤਾ ਗਿਆ।



ਇਸ ਅੰਤਿਮ ਯਾਤਰਾ ਵਿੱਚ ਪਰਿਵਾਰਕ ਮੈਂਬਰਾਂ, 'ਵਾਰਿਸ ਪੰਜਾਬ ਦੇ' ਪਾਰਟੀ ਦੀ ਸਮੁੱਚੀ ਲੀਡਰਸ਼ਿਪ ਸਮੇਤ ਵੱਡੀ ਗਿਣਤੀ ਵਿੱਚ ਸੰਗਤ ਅਤੇ ਪਾਰਟੀ ਸਮਰਥਕਾਂ ਨੇ ਸ਼ਮੂਲੀਅਤ ਕਰਕੇ ਨਮ ਅੱਖਾਂ ਨਾਲ ਵਿਛੜੀ ਰੂਹ ਨੂੰ ਅੰਤਿਮ ਵਿਦਾਇਗੀ ਦਿੱਤੀ। ਪਾਰਟੀ ਆਗੂ ਸ਼ਮਸ਼ੇਰ ਸਿੰਘ ਪੱਧਰੀ ਨੇ ਦੱਸਿਆ ਕਿ ਰਾਗੀ ਜੱਥਿਆਂ ਵੱਲੋਂ ਵੈਰਾਗਮਈ ਗੁਰਬਾਣੀ ਕੀਰਤਨ ਕੀਤਾ ਗਿਆ ਅਤੇ ਸੰਗਤ ਦੀ ਵੱਡੀ ਆਮਦ ਨੂੰ ਦੇਖਦੇ ਹੋਏ ਚਾਰ ਵੱਖ-ਵੱਖ ਥਾਵਾਂ 'ਤੇ ਪਾਰਕਿੰਗ ਸਟੈਂਡ ਤੇ ਲੰਗਰ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਸਨ। ਦੂਜੇ ਪਾਸੇ, ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਆਮਦ ਦੇ ਮੱਦੇਨਜ਼ਰ ਪੁਲੀਸ ਪ੍ਰਸ਼ਾਸਨ ਵੱਲੋਂ ਪੂਰੇ ਪਿੰਡ ਨੂੰ ਛਾਉਣੀ ਵਿੱਚ ਤਬਦੀਲ ਕਰਦਿਆਂ ਸੁਰੱਖਿਆ ਦੇ ਬੇਹੱਦ ਸਖ਼ਤ ਪ੍ਰਬੰਧ ਕੀਤੇ ਗਏ ਸਨ ਅਤੇ ਰਸਤਿਆਂ ਵਿੱਚ ਥਾਂ-ਥਾਂ ਨਾਕੇ ਲਾਏ ਗਏ ਸਨ। ਅੰਮ੍ਰਿਤਪਾਲ ਸਿੰਘ ਪੁਲੀਸ ਦੀ ਇੱਕ ਬਖਤਰਬੰਦ ਗੱਡੀ ਵਿੱਚ ਸੁਰੱਖਿਆ ਕਰਮਚਾਰੀਆਂ ਦੇ ਘੇਰੇ ਹੇਠ ਪਿੰਡ ਪੁੱਜੇ ਸਨ।

ਜ਼ਿਕਰਯੋਗ ਹੈ ਕਿ ਅੰਮ੍ਰਿਤਸਰ ਦੇ ਵਧੀਕ ਸੈਸ਼ਨ ਜੱਜ ਨੇ ਮਨੁੱਖੀ ਆਧਾਰ 'ਤੇ 21 ਨਵੰਬਰ ਨੂੰ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਤਿੰਨ ਘੰਟਿਆਂ ਲਈ ਪੁਲੀਸ ਹਿਰਾਸਤ ਵਿੱਚ ਪਿੰਡ ਜੱਲੂਪੁਰ ਖੇੜਾ ਵਿਖੇ ਰਹਿਣ ਦੀ ਹਿਰਾਸਤੀ ਪੈਰੋਲ ਦਿੱਤੀ ਸੀ। ਇਸ ਤਹਿਤ ਅੰਮ੍ਰਿਤਪਾਲ ਸਿੰਘ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਤੋਂ ਸੱਤ ਵਾਹਨਾਂ ਦੇ ਕਾਫ਼ਲੇ ਰਾਹੀਂ ਹਵਾਈ ਅੱਡੇ ਲਿਆਂਦਾ ਗਿਆ, ਜਿੱਥੋਂ ਹਵਾਈ ਜਹਾਜ਼ ਰਾਹੀਂ ਦਿੱਲੀ ਅਤੇ ਫਿਰ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ (ਰਾਜਾਸਾਂਸੀ) ਅੰਮ੍ਰਿਤਸਰ ਲਿਆਂਦਾ ਗਿਆ। ਤੈਅ ਪ੍ਰਬੰਧਾਂ ਅਨੁਸਾਰ, ਉਨ੍ਹਾਂ ਨੂੰ 22 ਨਵੰਬਰ ਨੂੰ ਮੁੜ ਡਿਬਰੂਗੜ੍ਹ ਜੇਲ੍ਹ ਪਹੁੰਚਾਇਆ ਜਾਵੇਗਾ।

ਸਣਯੋਗ ਹੈ ਕਿ ਅੰਮ੍ਰਿਤਪਾਲ ਸਿੰਘ ਦੀ ਦਾਦੀ ਮਾਤਾ ਚਰਨ ਕੌਰ ਦਾ ਬੀਤੀ 8 ਨਵੰਬਰ ਨੂੰ 84 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਸੀ, ਪਰ ਪਰਿਵਾਰ ਵੱਲੋਂ ਉਨ੍ਹਾਂ ਦੇ ਅੰਤਿਮ ਸਸਕਾਰ ਵਿੱਚ ਸ਼ਾਮਲ ਹੋਣ ਦੀ ਉਡੀਕ ਕੀਤੀ ਜਾ ਰਹੀ ਸੀ। ਇਸ ਤੋਂ ਪਹਿਲਾਂ 14 ਨਵੰਬਰ ਨੂੰ ਵੀ ਉਨ੍ਹਾਂ ਨੂੰ ਪੰਜਾਬ ਲਿਆਉਣ ਦਾ ਪ੍ਰਬੰਧ ਕੀਤਾ ਗਿਆ ਸੀ, ਪਰ ਡਿਬਰੂਗੜ੍ਹ ਅਤੇ ਅੰਮ੍ਰਿਤਸਰ ਵਿਚਾਲੇ ਢੁਕਵੀਆਂ ਹਵਾਈ ਉਡਾਣਾਂ ਤੇ ਆਵਾਜਾਈ ਦੇ ਸਾਧਨ ਉਪਲਬਧ ਨਾ ਹੋਣ ਕਾਰਨ ਇਹ ਸੰਭਵ ਨਹੀਂ ਹੋ ਸਕਿਆ ਸੀ, ਜਿਸ ਮਗਰੋਂ ਅਦਾਲਤ ਵੱਲੋਂ 17 ਨਵੰਬਰ ਨੂੰ ਜਾਰੀ ਨਵੇਂ ਹੁਕਮਾਂ ਤਹਿਤ ਇਹ ਹਿਰਾਸਤੀ ਪੈਰੋਲ ਲਾਗੂ ਕੀਤੀ ਗਈ।

ਫਰਵਰੀ 2023 ਵਿੱਚ ਅਜਨਾਲਾ ਥਾਣੇ ਵਿਖੇ ਵਾਪਰੀ ਘਟਨਾ ਤੋਂ ਬਾਅਦ ਸੁਰਖੀਆਂ ਵਿੱਚ ਆਏ ਸਨ। 23 ਫਰਵਰੀ 2023 ਨੂੰ ਉਨ੍ਹਾਂ ਦੇ ਸਮਰਥਕਾਂ ਵੱਲੋਂ ਆਪਣੇ ਸਾਥੀ ਲਵਪ੍ਰੀਤ ਸਿੰਘ ਤੂਫ਼ਾਨ ਦੀ ਰਿਹਾਈ ਲਈ ਅਜਨਾਲਾ ਥਾਣੇ ਦੇ ਬੈਰੀਕੇਡ ਤੋੜਨ ਦੌਰਾਨ ਹੋਏ ਟਕਰਾਅ ਵਿੱਚ ਐੱਸ.ਪੀ. ਜੁਗਰਾਜ ਸਿੰਘ ਸਮੇਤ ਕਈ ਪੁਲੀਸ ਮੁਲਾਜ਼ਮ ਜ਼ਖ਼ਮੀ ਹੋ ਗਏ ਸਨ। ਇਸ ਘਟਨਾ ਤੋਂ ਬਾਅਦ ਇੱਕ ਮਹੀਨੇ ਤੋਂ ਵੱਧ ਸਮੇਂ ਤੱਕ ਚੱਲੀ ਭਾਲ ਮਗਰੋਂ 23 ਅਪਰੈਲ 2023 ਨੂੰ ਮੋਗਾ ਦੇ ਪਿੰਡ ਰੋਡੇ ਤੋਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਕੌਮੀ ਸੁਰੱਖਿਆ ਕਾਨੂੰਨ (ਐੱਨ.ਐੱਸ.ਏ.) ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ ਸੀ। ਹੁਣ ਲਗਭਗ ਤਿੰਨ ਸਾਲ ਸੱਤ ਮਹੀਨਿਆਂ ਤੋਂ ਵੱਧ ਸਮੇਂ ਬਾਅਦ ਉਹ ਆਪਣੇ ਪਰਿਵਾਰ ਦੇ ਵਿਚਕਾਰ ਪਹੁੰਚੇ ਸਨ।

ਆਪਣੀ ਦਾਦੀ ਚਰਨ ਕੌਰ ਦੇ ਅੰਤਿਮ ਸਸਕਾਰ ਵਿਚ ਸ਼ਾਮਲ ਹੋਣ ਲਈ ਤਿੰਨ ਘੰਟਿਆਂ ਦੀ ਕਸਟਡੀ ਪੈਰੋਲ 'ਤੇ ਪੰਜਾਬ ਪਹੁੰਚੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਅੱਜ ਵਾਪਸੀ ਦੀ ਪ੍ਰਕਿਰਿਆ ਸ਼ੁਰੂ ਹੋ ਗਈ। ਜੱਦੀ ਪਿੰਡ ਜੱਲੂਪੁਰ ਖੇੜਾ ਵਿਖੇ ਅੰਤਿਮ ਸਸਕਾਰ ਵਿਚ ਸ਼ਾਮਲ ਹੋਣ ਮਗਰੋਂ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਉਸ ਨੂੰ ਮੁੜ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ ਰਾਜਾਸਾਂਸੀ ਲਿਆਂਦਾ ਗਿਆ, ਜਿੱਥੋਂ ਤੈਅ ਪ੍ਰੋਗਰਾਮ ਅਨੁਸਾਰ ਉਹ ਦਿੱਲੀ ਲਈ ਉਡਾਣ ਰਾਹੀਂ ਰਵਾਨਾ ਹੋ ਗਏ।

ਸੱਭਿਆਚਾਰਕ ਸਹਿਯੋਗ ਨਾਲ ਮੁਲਕਾਂ ਦੇ ਰਿਸ਼ਤੇ ਮਜ਼ਬੂਤ ਹੋਣਗੇ: ਮੋਦੀ

ਨਵੀਂ ਦਿੱਲੀ, 22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਸੱਭਿਆਚਾਰਕ ਅਤੇ ਸੱਭਿਅਤਾ ਸਹਿਯੋਗ ਵੱਖ-ਵੱਖ ਮੁਲਕਾਂ ਵਿਚਕਾਰ ਸਬੰਧ ਹੋਰ ਮਜ਼ਬੂਤ ਕਰੇਗਾ ਅਤੇ 21ਵੀਂ ਸਦੀ ਦੀ ਤਕਨਾਲੋਜੀ ਨੇ ਸੱਭਿਆਚਾਰਕ ਜੁੜਾਅ ਲਈ ਨਵੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਹਨ। ਪਹਿਲੇ ਸ਼ੰਘਾਈ ਸਹਿਯੋਗ ਸੰਗਠਨ (ਐੱਸ ਸੀ ਓ) ਸੱਭਿਅਤਾ ਸੰਵਾਦ ਫੋਰਮ ਦਾ ਉਦਘਾਟਨ ਕਰਦਿਆਂ ਮੋਦੀ ਨੇ ਕਿਹਾ ਕਿ ਭਾਰਤ ਦੇ ਅਜਾਇਬਘਰਾਂ, ਲਾਇਬਰੇਰੀਆਂ ਅਤੇ ਪੁਰਾਲੇਖਾਂ 'ਚ ਹਜ਼ਾਰਾਂ ਸਾਲਾਂ ਦੀ ਅਨਮੋਲ ਵਿਰਾਸਤ ਸੁਰੱਖਿਅਤ ਹੈ ਜਿਸ ਨੂੰ ਤਕਨਾਲੋਜੀ ਦੀ ਮਦਦ ਨਾਲ ਨਵੀਂ ਪੀੜ੍ਹੀ ਤੱਕ ਪਹੁੰਚਾਇਆ ਜਾ ਸਕਦਾ ਹੈ। ਸੰਮੇਲਨ 'ਚ ਪਾਕਿਸਤਾਨ ਦੇ ਮੰਤਰੀ ਮੁਸੱਦਿਕ ਮਲਿਕ ਸਮੇਤ ਐੱਸ ਸੀ ਓ ਦੇ ਹੋਰ ਮੈਂਬਰਾਂ ਦੇ ਨੁਮਾਇੰਦੇ ਵੀ ਸ਼ਾਮਲ ਹਨ।

ਉਨ੍ਹਾਂ ਕਿਹਾ ਕਿ ਬੀਤੇ ਕੁਝ ਸਾਲਾਂ 'ਚ ਐੱਸ ਸੀ ਓ ਨੇ ਸੁਰੱਖਿਆ, ਆਰਥਿਕਤਾ ਅਤੇ ਸੰਪਰਕ ਦੇ ਖੇਤਰਾਂ 'ਚ ਸਹਿਯੋਗ ਵਧਾਇਆ ਹੈ ਜਿਸ ਨਾਲ ਹੁਣ ਸੱਭਿਆਚਾਰਕ ਸਹਿਯੋਗ ਮੁਲਕਾਂ ਨੂੰ ਜੋੜਨ 'ਚ ਅਹਿਮ ਭੂਮਿਕਾ ਨਿਭਾਅ ਸਕਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਮਰਾਜਾਂ ਨੇ ਦੁਨੀਆ ਦੇ ਨਕਸ਼ੇ



ਬਦਲੇ ਹਨ ਪਰ ਸੱਭਿਅਤਾ ਸੰਵਾਦ ਨੇ ਦੁਨੀਆ ਦੇ ਵਿਚਾਰ ਬਦਲੇ ਅਤੇ ਖੁਸ਼ਹਾਲ ਕੀਤਾ ਹੈ। ਇਸ ਲਈ ਇਹ ਸੰਮੇਲਨ ਸਿਰਫ਼ ਰਸਮੀ ਨਹੀਂ ਸਗੋਂ ਦੁਨੀਆ ਨੂੰ ਸੇਧ ਦੇਣ ਵਾਲਾ ਮੰਚ ਬਣ ਸਕਦਾ ਹੈ। ਮੋਦੀ ਨੇ ਕਿਹਾ ਕਿ ਜਿਨ੍ਹਾਂ ਮਾਰਗਾਂ 'ਤੇ ਪੁਰਖਿਆਂ ਨੂੰ ਕਈ ਮਹੀਨੇ ਲੱਗਦੇ ਸਨ ਉੱਥੇ ਹੁਣ ਡਿਜੀਟਲ ਪਲੈਟਫਾਰਮਾਂ ਰਾਹੀਂ ਲੋਕ ਕੁਝ ਸਕਿੰਟਾਂ 'ਚ ਜੁੜ ਸਕਦੇ ਹਨ। ਇਸ ਮੰਚ ਦਾ ਉਦੇਸ਼ ਖੇਤਰ ਦੀ ਸਾਂਝੀ ਸੱਭਿਅਕ ਵਿਰਾਸਤ ਨੂੰ ਉਤਸ਼ਾਹਿਤ ਕਰਨਾ, ਲੋਕਾਂ ਵਿਚਾਲੇ ਸਬੰਧ ਮਜ਼ਬੂਤ ਕਰਨਾ ਅਤੇ ਸੱਭਿਆਚਾਰਕ ਸੰਵਾਦ ਤੇ ਸਹਿਯੋਗ ਵਧਾਉਣਾ ਹੈ।

ਉਦਘਾਟਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ 'ਅਨੰਤ: 18ਵੀਂ ਸਦੀ ਦੀ ਦੁਰਲੱਭ ਮਹਾਭਾਰਤ ਪੋਥੀ' ਪ੍ਰਦਰਸ਼ਨੀ ਦੇਖੀ। ਇਸ ਤੋਂ ਇਲਾਵਾ ਉਨ੍ਹਾਂ ਇੱਕ ਹੋਰ ਪ੍ਰਦਰਸ਼ਨੀ ਦਾ ਵੀ ਦੌਰਾ ਕੀਤਾ ਜਿਸ 'ਚ 1200 ਈਸਾ ਪੂਰਵ ਤੋਂ 1200 ਈਸਵੀ ਤੱਕ ਦਿੱਲੀ ਦੇ ਇਤਿਹਾਸ ਨੂੰ ਪੁਰਾਤੱਤਵ ਖੋਜਾਂ ਅਤੇ ਵਸਤਾਂ ਰਾਹੀਂ ਦਰਸਾਇਆ ਗਿਆ ਹੈ।

ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਇਹ ਐੱਸ ਸੀ ਓ ਦੇ ਢਾਂਚੇ ਤਹਿਤ ਬਹੁਪੱਖੀ ਸਮਾਗਮ ਹੈ ਜਿਸ ਲਈ ਪਾਕਿਸਤਾਨ ਸਮੇਤ ਸਾਰੇ ਮੈਂਬਰ ਮੁਲਕਾਂ ਨੂੰ ਸੱਦਾ ਦਿੱਤਾ ਗਿਆ ਹੈ।

ਪਾਕਿ ਮੰਤਰੀ ਨੂੰ ਸੱਦਾ ਜ਼ਖ਼ਮਾਂ 'ਤੇ ਲੂਣ ਛਿੜਕਣ ਬਰਾਬਰ: ਕਾਂਗਰਸ

ਨਵੀਂ ਦਿੱਲੀ: ਕਾਂਗਰਸ ਨੇ ਸ਼ੰਘਾਈ ਸਹਿਯੋਗ ਸੰਗਠਨ (ਐੱਸ ਸੀ ਓ) ਸੱਭਿਅਤਾ ਸੰਵਾਦ ਸਮਾਗਮ ਲਈ ਪਾਕਿਸਤਾਨੀ ਮੰਤਰੀ ਮੁਸੱਦਿਕ ਮਲਿਕ ਨੂੰ ਭਾਰਤ ਸੱਦਣ 'ਤੇ ਮੋਦੀ ਸਰਕਾਰ ਦੀ ਆਲੋਚਨਾ ਕੀਤੀ ਹੈ। ਪਾਰਟੀ ਤਰਜਮਾਨ ਸੁਪ੍ਰਿਆ ਸ੍ਰੀਨੇਤ ਨੇ ਕਿਹਾ ਕਿ ਪਾਕਿਸਤਾਨੀ ਮੰਤਰੀ ਦਾ ਸਵਾਗਤ ਕਰਨਾ ਪਹਿਲਗਾਮ ਅਤਿਵਾਦੀ ਹਮਲੇ 'ਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਬਰਾਬਰ ਹੈ। ਉਨ੍ਹਾਂ ਸਵਾਲ ਕੀਤਾ ਕਿ ਭਾਰਤ 'ਚ ਅਤਿਵਾਦ ਨੂੰ ਹੱਲਾਸ਼ੇਰੀ ਦੇਣ ਵਾਲੇ ਪਾਕਿਸਤਾਨ ਨੂੰ ਇਸ ਸਮਾਗਮ ਲਈ ਸੱਦਾ ਕਿਉਂ ਦਿੱਤਾ ਗਿਆ?

ਖਿਡਾਉਣਾ ਪਿਸਤੌਲ ਨਾਲ ਨਕਲੀ ਗੋਲੀ ਚਲਾ ਕੇ ਕਲੀਨਿਕ ਅਤੇ ਕਰਿਆਨੇ ਦੀ ਦੁਕਾਨ ਨੂੰ ਲੁੱਟਣ ਵਾਲੇ ਲੜਕੀ ਸਮੇਤ ਤਿੰਨ ਕਾਬੂ, ਚੌਥਾ ਫਰਾਰ



ਜਗਰਾਓਂ, 22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਥਾਣਾ ਸਿਟੀ ਜਗਰਾਓਂ ਦੇ ਇਲਾਕੇ ਵਿੱਚ ਬੀਤੀ 18 ਨਵੰਬਰ ਨੂੰ ਸ਼ਾਮ ਦੇ ਸਮੇਂ ਇੱਕ ਕਲੀਨਿਕ ਦੇ ਬਾਹਰ ਗੱਡੀ ਉੱਪਰ ਆਏ ਲੁਟੇਰਿਆਂ ਵੱਲੋਂ ਇੱਕ ਲੈਪਟੌਪ ਅਤੇ ਨਕਦੀ ਦੀ ਲੁੱਟਖੋਹ ਕੀਤੀ ਗਈ ਸੀ। ਜਿਸ ਘਟਨਾ ਨੂੰ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਅਲੱਗ ਅਲੱਗ ਟੀਮਾਂ ਬਣਾ ਕੇ ਟਰੇਸ ਕਰਨ ਦੇ ਹੁਕਮ ਜਾਰੀ ਕੀਤੇ ਗਏ ਸਨ। ਜਿਸ ਤੇ ਸੀਆਈਏ ਸਟਾਫ ਜਗਰਾਓਂ ਦੇ ਮੁਖੀ ਇੰਸਪੈਕਟਰ ਅੰਮ੍ਰਿਤਪਾਲ ਸਿੰਘ ਅਤੇ ਥਾਣਾ ਸਿਟੀ ਜਗਰਾਓਂ ਦੇ ਮੁਖੀ ਇੰਸਪੈਕਟਰ ਪਰਮਿੰਦਰ ਸਿੰਘ ਦੀ ਅਗਵਾਈ ਵਿੱਚ ਬਣੀਆਂ ਟੀਮਾਂ ਨੇ ਇੱਕ ਲੜਕੀ ਸਮੇਤ ਤਿੰਨ ਦੋਸ਼ੀਆਂ ਨੂੰ ਕਾਬੂ ਕਰ ਲਿੱਤਾ ਗਿਆ ਹੈ ਅਤੇ ਇਹਨਾਂ ਦਾ ਚੌਥਾ ਸਾਥੀ ਫਰਾਰ ਹੈ। ਜਿਸ ਬਾਰੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਨੇ ਅੱਜ ਇੱਕ ਪੱਤਰਕਾਰ ਮਿਲਣੀ ਵਿੱਚ ਦੱਸਿਆ ਕਿ ਉਕਤ ਦੋਸ਼ੀ ਨੂੰ ਵੀ ਜਲਦੀ ਹੀ ਗ੍ਰਿਫਤਾਰ ਕਰ ਲਿੱਤਾ ਜਾਵੇਗਾ। ਉਹਨਾਂ ਅੱਗੇ ਦੱਸਿਆ, ਇਹ ਦੋਸ਼ੀ ਗਿਣਤੀ ਵਿੱਚ ਕੁੱਲ ਚਾਰ ਸਨ ਅਤੇ ਦੋ ਬਰੀਜਾ ਗੱਡੀ ਦੇ ਅੰਦਰ ਹੀ ਬੈਠੇ ਰਹੇ ਅਤੇ ਦੋ ਜਣੇ ਲੁੱਟ ਖੋਹ ਦੀਆਂ ਵਾਰਦਾਤਾਂ ਕਰਨ ਲਈ ਉੱਤਰ ਕੇ ਵਾਰਦਾਤ ਵਾਲੀ ਜਗ੍ਹਾ ਤੇ ਗਏ ਸਨ। ਉਹਨਾਂ ਦੱਸਿਆ ਕਿ ਇਹ ਲੋਕ ਪੂਰੀ ਤਰਹਾਂ ਜਰਾਇਮ ਪੇਸ਼ਾ ਹਨ ਅਤੇ ਇਹਨਾਂ ਦੀ ਫਿਤਰਤ ਈ ਜੁਰਮ ਕਰਨ ਦੀ ਹੈ।

ਇਹਨਾਂ ਵਿੱਚੋਂ ਇੱਕ ਦੋਸ਼ੀ ਸ਼ੁਭਮ ਪੁੱਤਰ ਰਣਜੀਤ ਕੁਮਾਰ ਵਾਸੀ ਸ਼ਿਵਾ ਜੀ ਨਗਰ ਨੇੜੇ ਸੀਐਮਸੀ ਹਸਪਤਾਲ ਲੁਧਿਆਣਾ ਜਿਸ ਦੇ ਖਿਲਾਫ ਪਹਿਲਾਂ ਵੀ ਐਨਡੀਪੀਐਸ ਐਕਟ ਅਧੀਨ ਥਾਣਾ ਦੋਰਾਹਾ ਜ਼ਿਲਾ ਲੁਧਿਆਣਾ ਵਿਖੇ ਮਾਮਲਾ ਦਰਜ ਹੈ ਅਤੇ ਦੂਸਰਾ ਦੋਸ਼ੀ ਗੁਰਜੋਤ ਸਿੰਘ ਉਰਫ ਜੋਤ ਪੁੱਤਰ ਗੁਰਵਿੰਦਰ ਸਿੰਘ ਵਾਸੀ ਧਮੋਟ ਕਲਾਂ ਜਿਸ ਦੇ ਖਿਲਾਫ ਲੁਧਿਆਣਾ ਅਤੇ ਖੰਨਾ ਪੁਲਿਸ ਜ਼ਿਲ੍ਹਿਆਂ ਦੇ ਅਲੱਗ ਅਲੱਗ ਥਾਣਿਆਂ ਵਿੱਚ 6 ਅਪਰਾਧਿਕ ਮਾਮਲੇ ਦਰਜ ਹਨ। ਜਗਰਾਓਂ ਇਲਾਕੇ ਵਿੱਚ ਵਾਰਦਾਤ ਕਰਨ ਤੋਂ ਬਾਅਦ ਇਹ ਲੋਕ ਮੌਕੇ ਤੋਂ ਫਰਾਰ ਹੋ ਗਏ ਸਨ, ਪਰੰਤੂ ਇਹਨਾਂ ਵੱਲੋਂ ਸੁਧਾਰ ਇਲਾਕੇ ਵਿੱਚ ਵੀ ਇੱਕ ਏਟੀਐਮ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਗਈ ਸੀ। ਪਰ ਉਕਤ ਏਟੀਐਮ ਵਿੱਚ ਐਂਟੀ ਬੈਫਟ ਸਿਸਟਮ ਲੱਗਿਆ ਹੋਣ ਕਾਰਨ ਬਚਾਅ ਹੋ ਗਿਆ ਸੀ ਅਤੇ ਇਹ ਮੌਕੇ ਤੋਂ ਭੱਜ ਗਏ। ਉਹਨਾਂ ਅੱਗੇ ਦੱਸਿਆ ਕਿ ਪੁਲਿਸ ਵੱਲੋਂ ਤਕਨੀਕੀ ਉਪਕਰਨਾ ਦਾ ਸਹਾਰਾ ਲੈਂਦੇ ਹੋਏ ਇਹਨਾਂ ਦੀ ਭਾਲ ਕੀਤੀ ਗਈ ਅਤੇ ਪੁਲਿਸ ਦੀਆਂ ਟੀਮਾਂ ਨੇ ਇਹਨਾਂ ਨੂੰ ਜਗਰਾਓ ਇਲਾਕੇ ਵਿੱਚ ਹੀ ਕਿਸੇ ਨਵੀਂ ਵਾਰਦਾਤ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕਰਨ ਤੋਂ ਪਹਿਲਾਂ ਹੀ ਕਾਬੂ ਕਰ ਲਿੱਤਾ ਗਿਆ। ਇਹਨਾਂ ਦਾ ਇੱਕ ਸਾਥੀ ਕਰਨ ਜੋ ਕਿ ਗੁਰਜੋਤ ਦਾ ਭਰਾ ਹੈ ਅਤੇ ਉਸ ਉੱਪਰ ਵੀ ਪਹਿਲਾਂ ਦੋ ਮੁਕਦਮੇ ਦਰਜ ਹਨ ਮੌਕੇ ਤੋਂ ਫਰਾਰ ਹੋ ਗਿਆ।

ਉਹਨਾਂ ਦੱਸਿਆ ਕਿ ਉਕਤ ਦੋਸ਼ੀਆਂ ਦਾ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਦੋ ਦਿਨ ਦਾ ਰਿਮਾਂਡ ਹਾਸਲ ਕੀਤਾ ਗਿਆ ਹੈ ਅਤੇ ਰਿਮਾਂਡ ਦੌਰਾਨ ਇਹਨਾਂ ਪਾਸੋਂ ਹੋਰ ਵੀ ਕੀਤੀਆਂ ਗਈਆਂ ਵਾਰਦਾਤਾਂ ਬਾਰੇ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਸ਼ਹਾਦਤ-ਏ-ਗੁਰੂ ਤੇਗ ਬਹਾਦਰ: ਦਿੱਲੀ ਵਿੱਚ ਹੋਣਗੇ ਵਿਸ਼ਾਲ ਸਮਾਗਮ: ਕਾਲਕਾ, ਕਾਹਲੋਂ

ਨਵੀਂ ਦਿੱਲੀ, 22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਦਿੱਲੀ ਸਿੱਖ

ਸੁਨਾਮ ਦੇ ਸਟੇਡੀਅਮ ਵਿੱਚ ਲੰਮੀ ਛਾਲ ਲਈ ਮੈਦਾਨ ਦੇ ਇੱਕ ਪਾਸੇ ਬਣੇਗੀ ਪਿੱਟ : ਅਮਨ ਅਰੋੜਾ

➢ ਕੈਬਨਿਟ ਮੰਤਰੀ ਨੇ ਖਿਡਾਰੀਆਂ ਦੀ ਮੰਗ ਮੌਕੇ 'ਤੇ ਹੀ ਪ੍ਰਵਾਨ ਕੀਤੀ ➢ ਪਿੱਟ ਦੀ ਥਾਂ ਅਤੇ ਮਾਪਾਂ ਬਾਰੇ ਸਬੰਧਤ ਅਧਿਕਾਰੀਆਂ ਤੇ ਖੇਡ ਮਾਹਿਰਾਂ ਨਾਲ ਕੀਤਾ ਜਾਵੇਗਾ ਵਿਚਾਰ-ਵਟਾਂਦਰਾ

ਸੁਨਾਮ, 22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਸੁਨਾਮ ਦੇ ਸਟੇਡੀਅਮ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਸਬੰਧੀ ਸਥਾਨਕ ਖਿਡਾਰੀਆਂ, ਕੋਚਾਂ, ਖੇਡ ਪ੍ਰੇਮੀਆਂ ਅਤੇ ਵਾਰਡ ਕੌਂਸਲਰਾਂ ਨਾਲ ਮੀਟਿੰਗ ਕੀਤੀ। ਉਨ੍ਹਾਂ ਨੇ ਖਿਡਾਰੀਆਂ ਦੀ ਮੰਗ ਮੌਕੇ 'ਤੇ ਹੀ ਪ੍ਰਵਾਨ ਕਰਦਿਆਂ ਕਿਹਾ ਕਿ ਸਟੇਡੀਅਮ ਦੇ ਮੈਦਾਨ ਵਿੱਚ ਲੰਮੀ ਛਾਲ ਲਈ ਰੇਤ ਵਾਲੀ ਪਿੱਟ ਮੈਦਾਨ ਦੇ ਇੱਕ ਪਾਸੇ ਬਣਾਈ ਜਾਵੇਗੀ।



ਮੀਟਿੰਗ ਦੌਰਾਨ ਖਿਡਾਰੀਆਂ ਅਤੇ ਵਾਰਡ ਨੁਮਾਇੰਦਿਆਂ ਨੇ ਦੱਸਿਆ ਕਿ ਇਲਾਕੇ ਦੇ ਸੈਂਕੜੇ ਬੱਚੇ ਅਤੇ ਨੌਜਵਾਨ ਰੋਜ਼ਾਨਾ ਇਸ ਸਟੇਡੀਅਮ ਵਿੱਚ ਅਭਿਆਸ ਕਰਨ ਆਉਂਦੇ ਹਨ। ਉਨ੍ਹਾਂ ਦੱਸਿਆ ਕਿ ਇੱਥੇ ਹਰ ਸਾਲ ਫੁੱਟਬਾਲ ਟੂਰਨਾਮੈਂਟ ਕਰਵਾਏ ਜਾਂਦੇ ਹਨ ਅਤੇ ਇਸ ਮੈਦਾਨ ਤੋਂ ਆਪਣਾ ਖੇਡ ਸਫ਼ਰ ਸ਼ੁਰੂ ਕਰਨ ਵਾਲੇ ਕਈ ਖਿਡਾਰੀਆਂ ਨੇ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਸੁਨਾਮ ਦਾ ਨਾਂ ਰੌਸ਼ਨ ਕੀਤਾ ਹੈ। ਖਿਡਾਰੀਆਂ ਨੇ ਕੈਬਨਿਟ ਮੰਤਰੀ ਨੂੰ ਮੰਗ ਪੱਤਰ ਸੌਂਪਣ ਦੇ ਨਾਲ-ਨਾਲ ਪਿੱਟ ਲਈ ਸੁਝਾਈ ਥਾਂ ਦਾ ਨਕਸ਼ਾ ਅਤੇ ਲੋੜੀਂਦੇ ਮਾਪ ਵੀ ਪੇਸ਼ ਕੀਤੇ।

ਅਮਨ ਅਰੋੜਾ ਨੇ ਕਿਹਾ ਕਿ ਖਿਡਾਰੀਆਂ ਵੱਲੋਂ ਪੇਸ਼ ਕੀਤੇ ਨਕਸ਼ੇ ਅਤੇ ਮਾਪਾਂ ਬਾਰੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਅਤੇ ਖੇਡ ਮਾਹਿਰਾਂ ਨਾਲ ਛੇਤੀ ਵਿਚਾਰ-ਵਟਾਂਦਰਾ ਕਰਕੇ ਪਿੱਟ ਲਈ ਢੁੱਕਵੀਂ ਥਾਂ ਤੈਅ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਟੇਡੀਅਮ ਦੇ ਆਧੁਨਿਕੀਕਰਨ ਦੌਰਾਨ ਵੱਖ-ਵੱਖ ਖੇਡਾਂ ਦੇ ਖਿਡਾਰੀਆਂ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਿਆ ਜਾਵੇਗਾ, ਤਾਂ ਜੋ ਐਥਲੈਟਿਕਸ ਲਈ ਅਭਿਆਸ ਦੀ ਸਹੂਲਤ ਮਿਲੇ

ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਅਤੇ ਬੱਚਿਆਂ ਤੇ ਨੌਜਵਾਨਾਂ ਲਈ ਖੇਡ ਸਹੂਲਤਾਂ ਵਧਾਉਣ ਵਾਸਤੇ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਥਾਨਕ ਪੱਧਰ 'ਤੇ ਖੇਡ ਮੈਦਾਨ ਅਤੇ ਅਭਿਆਸ ਦੀਆਂ ਸਹੂਲਤਾਂ ਉਪਲਬਧ ਹੋਣ ਨਾਲ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਖੇਡਾਂ ਨਾਲ ਜੁੜਨ ਦਾ ਮੌਕਾ ਮਿਲਦਾ ਹੈ। ਉਨ੍ਹਾਂ ਕਿਹਾ ਕਿ ਖੇਡਾਂ ਨਾਲ ਜੁੜਿਆ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦਾ ਹੈ।

ਖਿਡਾਰੀਆਂ ਅਤੇ ਵਾਰਡ ਨੁਮਾਇੰਦਿਆਂ ਨੇ ਉਨ੍ਹਾਂ ਦੀ ਮੰਗ ਪ੍ਰਵਾਨ ਕਰਨ ਲਈ ਕੈਬਨਿਟ ਮੰਤਰੀ ਦਾ ਧੰਨਵਾਦ ਵੀ ਕੀਤਾ।

ਇਸ ਮੌਕੇ ਜ਼ਿਲ੍ਹਾ ਫੁਟਬਾਲ ਐਸੋਸੀਏਸ਼ਨ ਦੇ ਪ੍ਰਧਾਨ ਰਿਸ਼ੀਪਾਲ ਖੈਰਾ, ਅਹੁਦੇਦਾਰ ਨਰੇਸ਼ ਸ਼ਰਮਾ, ਯਸ਼ਪਾਲ ਮੰਗਲਾ, ਸੈਕਟਰੀ ਵਿਕਰਮ ਜੀ, ਅਨੁਰਿਧ ਵਸ਼ਿਸ਼ਟ, ਯਾਦਵਿੰਦਰ ਸਿੰਘ ਨਿਰਮਾਣ, ਭਾਨੂ ਪ੍ਰਤਾਪ, ਨੀਟੂ ਸਕਸੈਨਾ, ਰਜਿੰਦਰ ਕੁਮਾਰ,ਸ਼ਨੀ ਖਟਕ ਵੱਖ-ਵੱਖ ਵਾਰਡਾਂ ਦੇ ਕੌਂਸਲਰ, , ਕੋਚ, ਖੇਡ ਪ੍ਰੇਮੀ ਅਤੇ ਵੱਡੀ ਗਿਣਤੀ ਵਿੱਚ ਨੌਜਵਾਨ ਖਿਡਾਰੀ ਹਾਜ਼ਰ ਸਨ।

ਹਲਕਾ ਸਨੌਰ 'ਚ ਗੌਰਵ ਸੰਧੂ ਨੂੰ ਮਿਲ ਰਿਹਾ ਲੋਕਾਂ ਦਾ ਭਰਵਾਂ ਸਮਰਥਨ



ਦੇਵੀਗੜ੍ਹ, 22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਸਨੌਰ ਵਿੱਚ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਕਾਂਗਰਸ ਸੇਵਾ ਦਲ ਯੂਥ ਵਿੰਗ ਪੰਜਾਬ ਦੇ ਪ੍ਰਧਾਨ ਗੁਰਵਿੰਦਰ ਸਿੰਘ ਗੌਰਵ ਸੰਧੂ ਦੀਆਂ ਸਰਗਰਮੀਆਂ ਨੂੰ ਲਗਾਤਾਰ ਲੋਕਾਂ ਦਾ ਭਰਵਾਂ ਸਮਰਥਨ ਮਿਲ ਰਿਹਾ ਹੈ। ਇਸੇ ਲੜੀ ਤਹਿਤ ਗੌਰਵ ਸੰਧੂ ਵੱਲੋਂ ਰੋਜ਼ਾਨਾ ਦੇਵੀਗੜ੍ਹ ਖੇਤਰ ਨਾਲ ਸੰਬੰਧਿਤ ਅੱਧੀ ਦਰਜਨ ਪਿੰਡਾਂ ਦਾ ਦੌਰਾ ਕੀਤਾ ਜਾ ਰਿਹਾ, ਜਿੱਥੇ ਉਨ੍ਹਾਂ ਨੇ ਵੱਖ-ਵੱਖ ਵਰਗਾਂ ਦੇ ਲੋਕਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਚਾਹੇ ਕਰਜਾ ਮੁਕਤੀ ਅਭਿਆਨ ਹੋਏ, ਚਾਹੇ ਪਿੰਡਾ ਚ ਗਰੀਬ ਲੋੜਵੰਦ ਬੱਚਿਆਂ ਲਈ ਮੁਫ਼ਤ ਟਿਊਸ਼ਨ ਸੈਂਟਰ ਖੋਲਣਾ ਅਤੇ ਮੁਫ਼ਤ ਕਪੀਆ ਵਡਣਾਂ ।ਗੌਰਵ ਸੰਧੂ ਦੀ ਇਸ ਸੇਵਾ ਭਾਵਨਾ ਤੋਂ ਪ੍ਰਭਾਵਿਤ ਹੈ ਵਰਗ ਗੌਰਵ ਸੰਧੂ ਦੀ ਤਾਰੀਫ਼ ਕਰ ਰਿਹਾ।

ਜ਼ਿਕਰਯੋਗ ਹੈ ਕਿ ਗੌਰਵ ਸੰਧੂ ਹਲਕਾ ਸਨੌਰ ਵਿੱਚ ਕਾਂਗਰਸ ਪਾਰਟੀ ਦੇ ਇੱਕ ਸਰਗਰਮ ਅਤੇ ਨਿਧੜਕ ਆਗੂ ਵਜੋਂ ਆਪਣੀ ਪਛਾਣ ਬਣਾ ਚੁੱਕੇ ਹਨ। ਉਹ ਲੋਕਾਂ ਦੀਆਂ ਮੁਸ਼ਕਲਾਂ ਅਤੇ ਸਥਾਨਕ ਮਸਲਿਆਂ ਨੂੰ ਉਠਾਉਣ ਦੇ ਨਾਲ-ਨਾਲ ਆਪਣੇ ਹਲਕੇ ਦੇ ਲੋਕਾਂ ਦੇ ਦੁੱਖ-ਸੁੱਖ ਵਿੱਚ ਵੀ ਹਮੇਸ਼ਾ ਮੋਹਰੀ ਹੋ ਕੇ ਸਾਥ ਨਿਭਾਉਂਦੇ ਆ ਰਹੇ ਹਨ।

ਇਸ ਤੋਂ ਇਲਾਵਾ ਕਾਂਗਰਸ ਪਾਰਟੀ ਦੀਆਂ ਖੇਤਰੀ ਅਤੇ ਕੌਮੀ ਪੱਧਰ ਦੀਆਂ ਮੁਹਿੰਮਾਂ ਵਿੱਚ ਵੀ ਉਹ ਆਪਣੇ ਸਾਥੀਆਂ ਸਮੇਤ ਪੂਰੀ ਸਰਗਰਮੀ ਅਤੇ ਜੋਸ਼ ਨਾਲ ਸ਼ਮੂਲੀਅਤ ਕਰਦੇ ਆ ਰਹੇ ਹਨ।

ਇਨ੍ਹਾਂ ਪਿੰਡਾਂ ਦੇ ਦੌਰਿਆਂ ਦੌਰਾਨ ਬਜ਼ੁਰਗਾਂ, ਮਾਤਾਵਾਂ-ਭੈਣਾਂ ਅਤੇ ਨੌਜਵਾਨਾਂ ਵੱਲੋਂ ਮਿਲ ਰਿਹਾ ਪਿਆਰ, ਸਤਿਕਾਰ ਅਤੇ ਭਰੋਸਾ ਗੌਰਵ ਸੰਧੂ ਦੀ ਲੋਕਾਂ ਵਿੱਚ ਵਧ ਰਹੀ ਹਰਮਨਪਿਆਰਤਾ ਨੂੰ ਦਰਸਾਉਂਦਾ ਹੈ। ਲੋਕਾਂ ਦਾ ਇਹ ਉਤਸ਼ਾਹ ਉਨ੍ਹਾਂ ਦੀ ਲੋਕਾਂ ਨਾਲ ਮਜ਼ਬੂਤ ਸਾਂਝ ਅਤੇ ਜ਼ਮੀਨੀ ਪੱਧਰ 'ਤੇ ਬਣੀ ਪਕੜ ਦੀ ਗਵਾਹੀ ਭਰਦਾ ਹੈ।

ਹਲਕਾ ਸਨੌਰ 'ਚ ਗੌਰਵ ਸੰਧੂ ਦੀ ਦਿਨੋਂ-ਦਿਨ ਵੱਧ ਰਹੀ ਮਕਬੂਲੀਅਤ ਅਤੇ ਲੋਕਾਂ ਵੱਲੋਂ ਮਿਲ ਰਿਹਾ ਪਿਆਰ ਤੇ ਸਤਿਕਾਰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਜਿੱਤ ਦਾ ਰਾਹ ਹੋਰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗਾ।

ਖੇਡਾਂ ਵਤਨ ਪੰਜਾਬ ਦੀਆਂ ਵਿੱਚ ਟੈਗੋਰ ਇੰਟਰਨੈਸ਼ਨਲ ਸਕੂਲ ਦੇ ਖਿਡਾਰੀਆਂ ਨੇ ਚਮਕਾਇਆ ਨਾਮ; ਕਾਰਤਿਕ ਨੇ ਜਿੱਤਿਆ ਸੋਨੇ ਦਾ ਤਮਗਾ, ਲਵਪ੍ਰੀਤ ਨੇ ਕਾਂਸੀ ਅਤੇ ਪਰੀ ਨੇ ਚਾਂਦੀ ਦਾ ਤਮਗਾ ਕੀਤਾ ਆਪਣੇ ਨਾਮ

ਦੇਵੀਗੜ੍ਹ, 22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਟੈਗੋਰ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਲਈ ਇਹ ਬੇਹੱਦ ਮਾਣ, ਖੁਸ਼ੀ ਅਤੇ ਗੌਰਵ ਦਾ ਪਲ ਹੈ ਕਿ ਸਕੂਲ ਦੇ ਤਿੰਨ ਹੋਣਹਾਰ ਵਿਦਿਆਰਥੀਆਂ ਨੇ ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ ਖੇਡਾਂ ਵਤਨ ਪੰਜਾਬ ਦੀਆਂ ਦੇ ਸਟੇਟ ਲੈਵਲ ਹੈਂਡਬਾਲ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਵੱਖ-ਵੱਖ ਤਮਗੇ ਜਿੱਤ ਕੇ ਸਕੂਲ, ਆਪਣੇ ਮਾਪਿਆਂ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਇਨ੍ਹਾਂ ਮੁਕਾਬਲਿਆਂ ਵਿੱਚ ਅੱਠਵੀਂ ਜਮਾਤ ਦੇ ਹੋਣਹਾਰ ਵਿਦਿਆਰਥੀ ਕਾਰਤਿਕ ਨੇ ਅੰਡਰ-17 ਵਰਗ ਵਿੱਚ ਸੋਨੇ ਦਾ ਤਮਗਾ ਜਿੱਤ ਕੇ ਪਹਿਲਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਸੱਤਵੀਂ ਜਮਾਤ ਦੇ ਵਿਦਿਆਰਥੀ ਲਵਪ੍ਰੀਤ ਗਿਰੀ ਨੇ ਅੰਡਰ-14 ਵਰਗ ਵਿੱਚ ਕਾਂਸੀ ਦਾ ਤਮਗਾ ਜਿੱਤ ਕੇ ਆਪਣੀ ਖੇਡ ਪ੍ਰਤਿਭਾ ਦਾ ਲੋਹਾ ਮਨਵਾਇਆ। ਉੱਥੇ ਹੀ ਬਾਰ੍ਹਵੀਂ ਜਮਾਤ ਦੀ ਹੋਣਹਾਰ ਵਿਦਿਆਰਥਣ ਪਰੀ ਨੇ ਅੰਡਰ-21 ਵਰਗ ਵਿੱਚ ਚਾਂਦੀ ਦਾ ਤਮਗਾ ਜਿੱਤ ਕੇ ਸਕੂਲ ਦੀਆਂ ਪ੍ਰਾਪਤੀਆਂ ਵਿੱਚ ਇੱਕ ਹੋਰ ਸੁਨਹਿਰੀ ਅਧਿਆਇ ਜੋੜ ਦਿੱਤਾ।



ਤਿੰਨਾਂ ਵਿਦਿਆਰਥੀਆਂ ਦੀ ਇਹ ਸਫ਼ਲਤਾ ਉਨ੍ਹਾਂ ਦੀ ਸਖ਼ਤ ਮਿਹਨਤ, ਅਟੁੱਟ ਲਗਨ, ਅਨੁਸ਼ਾਸਨ, ਦ੍ਰਿੜ੍ਹ ਇਰਾਦੇ ਅਤੇ ਖੇਡਾਂ ਪ੍ਰਤੀ ਸਮਰਪਣ ਦਾ ਨਤੀਜਾ ਹੈ। ਉਨ੍ਹਾਂ ਨੇ ਆਪਣੀ ਪ੍ਰਤਿਭਾ ਅਤੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ ਇਹ ਸਾਬਤ ਕਰ ਦਿੱਤਾ ਹੈ ਕਿ ਜੇਕਰ ਮਨ ਵਿੱਚ ਕੁਝ ਕਰ ਗੁਜ਼ਰਨ ਦਾ ਜਜ਼ਬਾ ਹੋਵੇ ਤਾਂ ਕੋਈ ਵੀ ਮੰਜ਼ਿਲ ਦੂਰ ਨਹੀਂ ਹੁੰਦੀ। ਇਨ੍ਹਾਂ ਨੌਜਵਾਨ ਖਿਡਾਰੀਆਂ ਦੀਆਂ ਪ੍ਰਾਪਤੀਆਂ ਨਾ ਸਿਰਫ਼ ਸਕੂਲ ਲਈ ਮਾਣ ਵਾਲੀ ਗੱਲ ਹਨ, ਸਗੋਂ ਹੋਰ ਵਿਦਿਆਰਥੀਆਂ ਲਈ ਵੀ ਪ੍ਰੇਰਣਾ ਦਾ ਸਰੋਤ ਹਨ।

ਇਸ ਮਾਣਮੱਤੀ ਪ੍ਰਾਪਤੀ 'ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ਼੍ਰੀ ਗੌਰਵ ਗੁਲਾਟੀ, ਪ੍ਰੈਜ਼ੀਡੈਂਟ ਸ਼੍ਰੀਮਤੀ ਸਲੋਨੀ ਗੁਲਾਟੀ, ਮੈਨੇਜਰ ਡਾ. ਸੁਸ਼ੀਲ ਮਿਸ਼ਰਾ ਅਤੇ ਪ੍ਰਿੰਸੀਪਲ ਡਾ. ਮੀਨਾਕਸ਼ੀ ਸੂਦ ਨੇ ਤਿੰਨਾਂ ਵਿਦਿਆਰਥੀਆਂ ਨੂੰ ਦਿਲੋਂ ਵਧਾਈ ਦਿੱਤੀ।

ਉਨ੍ਹਾਂ ਨੇ ਕਿਹਾ ਕਿ ਵਿਦਿਆਰਥੀਆਂ ਦੀਆਂ ਇਹ ਪ੍ਰਾਪਤੀਆਂ ਉਨ੍ਹਾਂ ਦੀ ਮਿਹਨਤ ਅਤੇ ਸਮਰਪਣ ਦਾ ਨਤੀਜਾ ਹਨ। ਸਕੂਲ ਦਾ ਮਕਸਦ ਸਿਰਫ਼ ਬੱਚਿਆਂ ਨੂੰ ਕਿਤਾਬੀ ਗਿਆਨ ਦੇਣਾ ਹੀ ਨਹੀਂ, ਸਗੋਂ ਉਨ੍ਹਾਂ ਦੀਆਂ ਛੁਪੀਆਂ ਪ੍ਰਤਿਭਾਵਾਂ ਨੂੰ ਨਿਖਾਰ ਕੇ ਉਨ੍ਹਾਂ ਨੂੰ ਹਰ ਖੇਤਰ ਵਿੱਚ ਸਫ਼ਲ ਬਣਾਉਣਾ ਵੀ ਹੈ। ਖੇਡਾਂ ਬੱਚਿਆਂ ਵਿੱਚ ਅਨੁਸ਼ਾਸਨ, ਆਤਮ-ਵਿਸ਼ਵਾਸ, ਟੀਮ ਭਾਵਨਾ, ਸਹਿਯੋਗ ਅਤੇ ਮੁਸ਼ਕਲਾਂ ਦਾ ਸਾਹਮਣਾ ਕਰਨ ਦੀ ਹਿੰਮਤ ਪੈਦਾ ਕਰਦੀਆਂ ਹਨ।

ਇਸ ਮੌਕੇ ਸਕੂਲ ਦੇ ਹੈਂਡਬਾਲ ਕੋਚ ਸ਼੍ਰੀ ਲਤੀਫ਼ ਮੁਹੰਮਦ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ ਗਈ, ਜਿਨ੍ਹਾਂ ਦੀ ਮਿਹਨਤ, ਸਹੀ ਸਿਖਲਾਈ ਅਤੇ ਯੋਗ ਮਾਰਗਦਰਸ਼ਨ ਸਦਕਾ ਵਿਦਿਆਰਥੀਆਂ ਨੇ ਇਹ ਮੁਕਾਮ ਹਾਸਲ ਕੀਤਾ ਹੈ।

ਸਕੂਲ ਪ੍ਰਬੰਧਕਾਂ ਨੇ ਕਿਹਾ ਕਿ ਜਦੋਂ ਬੱਚਿਆਂ ਦੀ ਮਿਹਨਤ ਨੂੰ ਸਹੀ ਦਿਸ਼ਾ ਅਤੇ ਉਤਸ਼ਾਹ ਮਿਲਦਾ ਹੈ ਤਾਂ ਉਹ ਸਫ਼ਲਤਾ ਦੀਆਂ ਨਵੀਆਂ ਉਚਾਈਆਂ ਛੂਹ ਸਕਦੇ ਹਨ। ਉਨ੍ਹਾਂ ਨੇ ਤਿੰਨਾਂ ਖਿਡਾਰੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦਿਆਂ ਆਸ ਪ੍ਰਗਟਾਈ ਕਿ ਇਹ ਵਿਦਿਆਰਥੀ ਆਉਣ ਵਾਲੇ ਸਮੇਂ ਵਿੱਚ ਵੀ ਆਪਣੀ ਖੇਡ ਪ੍ਰਤਿਭਾ ਦੇ ਦਮ 'ਤੇ ਹੋਰ ਵੱਡੀਆਂ ਪ੍ਰਾਪਤੀਆਂ ਹਾਸਲ ਕਰਕੇ ਸਕੂਲ, ਮਾਪਿਆਂ ਅਤੇ ਪੰਜਾਬ ਦਾ ਨਾਮ ਰੌਸ਼ਨ ਕਰਦੇ ਰਹਿਣਗੇ

ਖੇਡਾਂ ਵਤਨ ਪੰਜਾਬ ਦੀਆਂ-2026 ਤਹਿਤ ਫਤਹਿਗੜ੍ਹ ਸਾਹਿਬ ਵਿਖੇ ਰਾਜ ਪੱਧਰੀ ਜੂਡੋ, ਸਾਫਟਬਾਲ ਅਤੇ ਗੱਤਕਾ ਮੁਕਾਬਲੇ ਸ਼ੁਰੂ



ਸ੍ਰੀ ਫਤਹਿਗੜ੍ਹ ਸਾਹਿਬ,22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦੇ ਮਕਸਦ ਨਾਲ ਕਰਵਾਈਆਂ ਜਾ ਰਹੀਆਂ 'ਖੇਡਾਂ ਵਤਨ ਪੰਜਾਬ ਦੀਆਂ-2026' ਤਹਿਤ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਜੂਡੋ, ਸਾਫਟਬਾਲ ਅਤੇ ਗੱਤਕਾ ਦੇ ਰਾਜ ਪੱਧਰੀ ਖੇਡ ਮੁਕਾਬਲੇ 23 ਨਵੰਬਰ 2026 ਤੱਕ ਵੱਖ-ਵੱਖ ਖੇਡ ਸਥਾਨਾਂ 'ਤੇ ਕਰਵਾਏ ਜਾ ਰਹੇ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੇਡ ਅਫਸਰ ਸ੍ਰੀ ਹਰਪਿੰਦਰ ਸਿੰਘ ਨੇ ਦੱਸਿਆ ਕਿ ਗੱਤਕਾ ਦੇ ਰਾਜ ਪੱਧਰੀ ਖੇਡ ਮੁਕਾਬਲਿਆਂ ਦੀ ਸ਼ੁਰੂਆਤ ਹੰਸਾਲੀ ਵਾਲੇ ਬਾਬਾ ਸ੍ਰੀ ਪਰਮਜੀਤ ਸਿੰਘ ਜੀ ਦੇ ਆਸ਼ੀਰਵਾਦ ਨਾਲ ਕਰਵਾਈ ਗਈ।

ਜ਼ਿਲ੍ਹਾ ਖੇਡ ਅਫਸਰ ਨੇ ਦੱਸਿਆ ਕਿ ਰਾਜ ਪੱਧਰੀ ਮੁਕਾਬਲਿਆਂ ਦੇ ਪਹਿਲੇ ਦਿਨ ਜੂਡੋ ਦੇ ਅੰਡਰ-14 ਲੜਕਿਆਂ ਦੇ 60 ਕਿਲੋਗ੍ਰਾਮ ਭਾਰ ਵਰਗ ਵਿੱਚ ਦਿਵਾਂਸ਼ੂ (ਗੁਰਦਾਸਪੁਰ) ਨੇ ਪਹਿਲਾ, ਸੁਮਿਤ (ਹੁਸ਼ਿਆਰਪੁਰ) ਨੇ ਦੂਜਾ ਅਤੇ ਸ਼ਿਵਜੋਤ ਸਿੰਘ (ਮੋਗਾ) ਤੇ ਮੋਹਿਤ (ਲੁਧਿਆਣਾ) ਨੇ ਤੀਜਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ 66 ਕਿਲੋਗ੍ਰਾਮ ਭਾਰ ਵਰਗ ਵਿੱਚ ਜਪਨੂਰ ਸਿੰਘ (ਗੁਰਦਾਸਪੁਰ) ਨੇ ਪਹਿਲਾ, ਨਕਸ਼ (ਅੰਮ੍ਰਿਤਸਰ) ਨੇ ਦੂਜਾ ਅਤੇ ਏਕਮਜੋਤ ਸਿੰਘ (ਫਰੀਦਕੋਟ) ਤੇ ਲਕਸ਼ੇ ਸ਼ਰਮਾ (ਹੁਸ਼ਿਆਰਪੁਰ) ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਉਨ੍ਹਾਂ ਦੱਸਿਆ ਕਿ ਸਾਫਟਬਾਲ ਦੇ ਅੰਡਰ-14 ਲੜਕਿਆਂ ਦੇ ਪਹਿਲੇ ਰਾਊਂਡ ਦੇ ਨਾਕਆਊਟ ਮੁਕਾਬਲੇ ਵਿੱਚ ਜਲੰਧਰ ਦੀ ਟੀਮ ਨੇ ਐਸ.ਏ.ਐਸ. ਨਗਰ ਦੀ ਟੀਮ ਨੂੰ 16-2 ਦੇ ਫਰਕ ਨਾਲ ਹਰਾਇਆ।

ਇਸੇ ਤਰ੍ਹਾਂ ਅੰਡਰ-21 ਲੜਕਿਆਂ ਦੇ ਮੁਕਾਬਲਿਆਂ ਵਿੱਚ ਮੁਕਤਸਰ ਦੀ ਟੀਮ ਨੇ ਮੋਗਾ ਦੀ ਟੀਮ ਨੂੰ 7-0 ਨਾਲ ਅਤੇ ਫਾਜ਼ਿਲਕਾ ਦੀ ਟੀਮ ਨੇ ਐਸ.ਏ.ਐਸ. ਨਗਰ ਦੀ ਟੀਮ ਨੂੰ 11-1 ਦੇ ਫਰਕ ਨਾਲ ਹਰਾ ਕੇ ਜਿੱਤ ਦਰਜ ਕੀਤੀ।

ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਹੁਸ਼ਿਆਰਪੁਰ ਵਿਖੇ ਲੱਗੇਗਾ ਪੈਨਸ਼ਨਰ ਸੇਵਾ ਮੇਲਾ

ਹੁਸ਼ਿਆਰਪੁਰ, 22 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਅਤੇ ਪਰਿਵਾਰਕ ਪੈਨਸ਼ਨਰਾਂ ਦੀ ਸਹੂਲਤ ਲਈ ਪੈਨਸ਼ਨ ਸੇਵਾ ਪੋਰਟਲ ਸ਼ੁਰੂ ਕੀਤਾ ਗਿਆ ਹੈ। ਇਸ ਪੋਰਟਲ ਰਾਹੀਂ ਪੈਨਸ਼ਨ ਸਬੰਧੀ ਸੇਵਾਵਾਂ ਦਾ ਲਾਭ ਲੈਣ ਲਈ ਪੈਨਸ਼ਨਰਾਂ ਦੀ ਈ-ਕੇਵਾਈਸੀ ਕਰਵਾਉਣੀ ਅਤੇ ਡਿਜੀਟਲ ਜੀਵਨ ਸਰਟੀਫਿਕੇਟ ਅਪਲੋਡ ਕਰਨਾ ਲਾਜ਼ਮੀ ਹੈ। ਇਸੇ ਉਦੇਸ਼ ਨਾਲ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਹੁਸ਼ਿਆਰਪੁਰ ਵਿਖੇ ਜ਼ਿਲ੍ਹਾ ਪੱਧਰੀ ਪੈਨਸ਼ਨਰ ਸੇਵਾ ਮੇਲਾ ਲਗਾਇਆ ਜਾ ਰਿਹਾ ਹੈ।

ਸਮਾਧੀ ਵਾਲੀ ਸਰਕਾਰ ਬਾਬਾ ਬਾਲਕ ਨਾਥ ਮੰਦਰ ਝਾਂਡੀਆਂ ਕਲਾਂ ਵਿਖੇ ਸਾ

ਸ੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਪੁਰਬ ਮੌਕੇ ਭਾਜਪਾ ਦਾ ਵੱਡਾ ਐਲਾਨ, ਡੇਰਾ ਬੱਲਾਂ ਤੋਂ ਕੱਢੀ ਜਾਵੇਗੀ ਸੰਕਲਪ ਯਾਤਰਾ

ਕੌਮੀ ਪੜ੍ਹਿਕਾ

ਚੰਡੀਗੜ੍ਹ 22 ਨਵੰਬਰ। ਪੰਜਾਬ ਭਾਜਪਾ ਦੇ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 650ਵਾਂ ਪ੍ਰਕਾਸ਼ ਪੁਰਬ ਚੱਲ ਰਿਹਾ ਹੈ। ਉਨ੍ਹਾਂ ਵਲੋਂ ਦਿੱਤਾ ਗਿਆ ਬੇਗਮਪੁਰਾ ਦਾ ਸੰਦੇਸ਼ ਹਰ ਯੁੱਗ ਲਈ ਪ੍ਰੇਰਣਾ ਹੈ। ਗੁਰੂ ਰਵਿਦਾਸ ਜੀ ਨੇ ਊਚ-ਨੀਚ, ਜਾਤ-ਪਾਤ ਦਾ ਫ਼ਰਕ ਖ਼ਤਮ ਕਰਕੇ ਬਰਾਬਰੀ ਦਾ ਰਾਹ ਦਿਖਾਇਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਪੂਰੇ ਦੇਸ਼ 'ਚ ਭਾਜਪਾ ਵਲੋਂ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਦੇ ਤਹਿਤ ਭਾਜਪਾ ਵਲੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਕਲਸ਼ ਯਾਤਰਾ ਵੀ ਕੱਢੀ ਜਾ ਚੁੱਕੀ ਹੈ। ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਭਾਜਪਾ ਦਾ ਮਕਸਦ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਨੂੰ ਘਰ-ਘਰ ਪਹੁੰਚਾਉਣਾ ਹੈ। ਉਨ੍ਹਾਂ ਐਲਾਨ ਕਰਦਿਆਂ ਕਿਹਾ ਕਿ ਹੁਣ ਭਾਜਪਾ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਦੇ ਮੌਕੇ 'ਤੇ ਸੰਕਲਪ ਯਾਤਰਾ ਕੱਢਣ ਜਾ ਰਹੀ ਹੈ। ਇਹ ਯਾਤਰਾ 22 ਨਵੰਬਰ ਤੋਂ ਜਲੰਧਰ ਦੇ ਡੇਰਾ ਸੱਚਖੰਡ ਬੱਲਾਂ ਤੋਂ ਸ਼ੁਰੂ ਹੋਵੇਗੀ ਅਤੇ ਦੇਸ਼ ਦੇ ਵੱਖ-ਵੱਖ 7 ਸੂਬਿਆਂ 'ਚੋਂ ਹੁੰਦੀ ਹੋਈ ਪੰਜਾਬ ਦੇ 17 ਜ਼ਿਲ੍ਹਿਆਂ 'ਚੋਂ ਕੱਢੀ ਜਾਵੇਗੀ। ਇਹ ਯਾਤਰਾ 22 ਨਵੰਬਰ ਤੋਂ ਲੈ ਕੇ 3 ਦਸੰਬਰ ਤੱਕ ਚੱਲੇਗੀ। ਇਸ ਦੀ ਸ਼ੁਰੂਆਤ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਨਬੀਨ ਵਲੋਂ ਕੀਤੀ ਜਾਵੇਗੀ। ਯਾਤਰਾ ਜਲੰਧਰ ਤੋਂ ਸ਼ੁਰੂ ਹੋ ਕੇ ਹੁਸ਼ਿਆਰਪੁਰ ਹੁੰਦੀ ਹੋਈ ਪਠਾਨਕੋਟ, ਬਟਾਲਾ, ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ, ਮੁਕਤਸਰ ਸਾਹਿਬ, ਬਠਿੰਡਾ, ਸੰਗਰੂਰ, ਲੁਧਿਆਣਾ, ਰੋਪੜ ਅਤੇ ਮੋਹਾਲੀ ਹੁੰਦੇ ਹੋਏ ਚੰਡੀਗੜ੍ਹ ਪੁੱਜੇਗੀ ਅਤੇ 5 ਦਿਨ ਪੰਜਾਬ 'ਚ ਰਹੇਗੀ। ਇਸ ਯਾਤਰਾ



ਦੇ ਅਖ਼ੀਰ 'ਚ ਵਾਰਾਨਸੀ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਹਾਜ਼ਰੀ ਲਗਵਾਉਣਗੇ। ਮੁੱਖ ਮੰਤਰੀ ਭਗਵੰਤ ਮਾਨ ਵਲੋਂ ਸ੍ਰੀ ਕਰਤਾਰਪੁਰ ਲਾਂਘਾ ਖੁੱਲ੍ਹਵਾਉਣ ਦੀ ਮੰਗ 'ਤੇ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਇਹ ਲਾਂਘਾ ਪ੍ਰਧਾਨ ਮੰਤਰੀ ਮੋਦੀ ਵਲੋਂ 2019 'ਚ ਖੁੱਲ੍ਹਵਾਇਆ ਗਿਆ ਸੀ ਅਤੇ ਹੁਣ ਸਰਹੱਦੀ ਸੁਰੱਖਿਆ ਨੂੰ ਦੇਖਦਿਆਂ ਇਹ ਲਾਂਘਾ ਬੰਦ ਕੀਤਾ ਗਿਆ ਹੈ। ਜਦੋਂ ਸੁਰੱਖਿਆ ਸੁਖਾਲੀ ਹੋਵੇਗੀ ਤਾਂ ਲਾਂਘਾ ਖੋਲ੍ਹ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਪੰਜਾਬ ਅਤੇ ਸਿੱਖੀ ਨੂੰ ਬਹੁਤ ਪਿਆਰ ਕਰਦੇ ਹਨ। ਉਨ੍ਹਾਂ ਨੇ ਚੋਣਾਂ ਬਾਰੇ ਬੋਲਦਿਆਂ ਕਿਹਾ ਕਿ ਅਸੀਂ ਇਹੋ ਜਿਹਾ ਮੈਨੀਫੈਸਟੋ ਦੇਣਾ ਚਾਹੁੰਦੇ ਹਾਂ, ਜੋ ਹਰ ਵਰਗ ਨਾਲ ਸਬੰਧਿਤ ਹੋਵੇ। ਕੇਵਲ ਸਿੰਘ ਢਿੱਲੋਂ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਪਾਰਟੀ ਦੀਆਂ ਤਿਆਰੀਆਂ 'ਤੇ ਵੀ ਸਥਿਤੀ ਸਪੱਸ਼ਟ ਕਰਦਿਆਂ ਕਿਹਾ ਕਿ ਭਾਜਪਾ ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ 'ਤੇ ਚੋਣ ਲੜਨ ਲਈ ਤਿਆਰ ਹੈ। ਢਿੱਲੋਂ ਨੇ ਕਿਹਾ ਕਿ ਸਾਡੇ ਕੋਲ ਇਕ-ਇਕ ਸੀਟ ਲਈ 5-5 ਉਮੀਦਵਾਰ ਹਨ ਪਰ ਆਖ਼ਰੀ ਫ਼ੈਸਲਾ ਪਾਰਟੀ ਹਾਈਕਮਾਨ ਜੋ ਵੀ ਲਵੇਗੀ, ਉਹ ਤਾਂ ਮੰਨਣਾ ਹੀ ਪਵੇਗਾ।

ਅੰਮ੍ਰਿਤਸਰ ਸੜਕ ਹਾਦਸੇ ਨੂੰ ਲੈ ਕੇ ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਦਾ ਵੱਡਾ ਬਿਆਨ

ਕੌਮੀ ਪੜ੍ਹਿਕਾ

ਚੰਡੀਗੜ੍ਹ 22 ਨਵੰਬਰ। ਭਾਰਤੀ ਜਨਤਾ ਪਾਰਟੀ ਦੇ ਪੰਜਾਬ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ ਤੀਰਥ ਯਾਤਰਾ ਬੱਸਾਂ ਦਾ ਸਿਰਫ਼ ਸੜਕ ਹਾਦਸਾ ਨਹੀਂ, ਸਗੋਂ ਸਰਕਾਰੀ ਸਿਸਟਮ ਵੱਲੋਂ ਕੀਤੇ ਗਏ ਕਤਲ ਹਨ, ਇਨ੍ਹਾਂ ਲਈ ਜਿੱਥੇ ਬੱਸ ਮਾਲਕਾਂ ਖਿਲਾਫ਼ ਬਣਦੀ ਕਾਰਵਾਈ ਹੋਣੀ ਚਾਹੀਦੀ ਹੈ ਅਤੇ ਇਸ ਲਈ ਸਿੱਧੇ ਤੌਰ ਤੇ ਪੰਜਾਬ ਸਰਕਾਰ ਜ਼ਿੰਮੇਵਾਰ ਹੈ। ਉਨ੍ਹਾਂ ਨੇ ਮੁੱਖ ਮੰਤਰੀ ਤੀਰਥ ਯਾਤਰਾ ਦੀਆਂ 2 ਬੱਸਾਂ ਵਿਚਾਲੇ ਨੌਸ਼ਹਿਰਾ ਪਨੂੰਆਂ ਵਿਚ ਸੜਕ ਹਾਦਸੇ ਦੌਰਾਨ 5 ਲੋਕਾਂ ਦੀ ਮੌਤ ਹੋਣ ਅਤੇ 18 ਜਣਿਆਂ ਦੇ ਗੰਭੀਰ ਜਖ਼ਮੀ ਹੋਣ ਦੀ ਘਟਨਾ ਉੱਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਅਕਤੂਬਰ 2026 ਵਿਚ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਮੁੱਖ ਮੰਤਰੀ ਤੀਰਥ ਯਾਤਰਾ ਦੀਆਂ ਬੱਸਾਂ ਨੂੰ ਯਾਤਰੀਆਂ ਲਈ ਸੁਰੱਖਿਅਤ ਨਾ ਹੋਣ ਦਾ ਨੋਟਿਸ ਜਾਰੀ ਕੀਤਾ ਸੀ। ਇਨ੍ਹਾਂ ਵਿਚ ਕਿਸੇ ਦੀ ਰਜਿਸ਼ਟ?ਰੇਸ਼ਨ ਖ਼ਤਮ ਹੋ ਚੁੱਕੀ ਸੀ,



ਕਿਸੇ ਦੀ ਫਿਟਨੈੱਸ ਨਹੀ ਸੀ। ਨਾ ਇਨ੍ਹਾਂ ਦਾ ਬੀਮਾ ਹੈ ਅਤੇ ਨਾ ਹੀ ਪ੍ਰਦੂਸ਼ਣ ਸਰਟੀਫਿਕੇਟ। ਫੇਰ ਵੀ ਇਹ ਬੱਸਾਂ ਸੜਕਾਂ ਦੇ ਕਿਵੇਂ ਦੌਰ ਰਹੀਆਂ। ਢਿੱਲੋਂ ਨੇ ਹੈਰਾਨੀ ਪ੍ਰਗਟਾਉਂਦਿਆ ਕਿਹਾ ਕਿ ਪੰਜਾਬ ਸਰਕਾਰ ਨੇ ਜਨਵਰੀ 2026 ਵਿਚ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਦੱਸਿਆ ਸੀ ਕਿ ਇਨ੍ਹਾਂ ਵਿੱਚੋਂ ਕੋਈ ਵੀ ਬੱਸ ਪੰਜਾਬ ਵਿਚ ਰਜਿਸਟਡ ਨਹੀਂ ਹੈ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਇਨ੍ਹਾਂ ਬੱਸਾਂ ਵਿਚ ਅਣ-ਅਧਿਕਾਰਤ ਮੋਡੀਫਿਕੇਸ਼ਨ, ਡਰਾਇਵਰ ਤੇ ਯਾਤਰੀਆਂ ਵਿਚਾਲੇ ਪਾਰਟੀਸ਼ਨ, ਐਮਰਜੈਂਸੀ ਐਗਜਿਟ ਨਾ ਹੋਣ, ਬਾਰੀਆਂ ਵਿੱਚ ਅੜਚਨਾਂ ਖੜੀਆਂ ਕਰਨ, ਅੱਗ ਲੱਗਣ ਦੀ ਸੂਰਤ ਵਿਚ ਲੋੜੀਂਦੇ ਪ੍ਰਬੰਧ ਨਾ ਕਰਨ ਵਰਗੇ ਇਲਜ਼ਾਮ ਲਾਏ ਗਏ ਸਨ, ਪੰਜਾਬ ਤੋਂ ਬਾਹਰ ਕਈ ਸੂਬਿਆਂ ਵਿਚ ਬੱਸਾਂ ਜ਼ਬਤ ਵੀ ਹੋਈਆਂ, ਚਲਾਨ ਵੀ ਕੱਟੇ ਗਏ, ਪਰ ਪੰਜਾਬ ਸਰਕਾਰ ਨੇ 'ਢੀਠਪੁਣਾ' ਨਹੀਂ ਛੱਡਿਆ। ਉਲਟਾ ਭਾਰਤੀ ਜਨਤਾ ਪਾਰਟੀ ਉੱਤੇ ਹੀ ਇਲਜ਼ਾਮ ਲਾਏ ਕਿ ਉਹ ਤੀਰਥ ਯਾਤਰਾ ਸਕੀਮ ਨੂੰ ਬੰਦ ਕਰਵਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਤੀਰਥ ਯਾਤਰਾ ਸਕੀਮ ਚਲਾ ਰਹੀ ਹੈ, ਨਾ ਹੀ ਅਸੀਂ ਪੰਜਾਬ ਵਿਚ ਤੀਰਥ ਯਾਤਰਾ ਸਕੀਮ ਦੇ ਖਿਲਾਫ਼ ਹਾਂ, ਸਾਡੀ ਚਿੰਤਾ ਪੰਜਾਬ ਦੇ ਬਜ਼ੁਰਗਾਂ ਦੀ ਸੁਰੱਖਿਆ ਨੂੰ ਲੈ ਕੇ ਸੀ, ਜੋ ਹੁਣ ਸੱਚ ਸਾਬਿਤ ਹੋਈ।

ਦੁਨੀਆ ਨੂੰ ਯੁੱਧ ਦੀ ਨਹੀਂ, ਗੁਰੂਆਂ ਦੀਆਂ ਸਿੱਖਿਆਵਾਂ ਦੀ ਲੋੜ : ਗੁਲਾਬਚੰਦ ਕਟਾਰੀਆ

ਜਲੰਧਰ, 22 ਨਵੰਬਰ। ਪੰਜਾਬ ਦੇ ਰਾਜਪਾਲ ਗੁਲਾਬਚੰਦ ਕਟਾਰੀਆ ਨਕੋਦਰ ਦੇ ਮਹਿਤਪੁਰ ਸਥਿਤ ਦਰਬਾਰ ਸ੍ਰੀ ਬੁਲੰਦਪੁਰੀ ਸਾਹਿਬ ਵਿਖੇ ਆਯੋਜਿਤ ਅੱਠਵੀਂ ਅੰਤਰਰਾਸ਼ਟਰੀ ਕਾਨਫਰੰਸ ਵਿੱਚ ਸ਼ਾਮਲ ਹੋਏ। ਕਾਨਫਰੰਸ ਨੂੰ ਸੰਬੋਧਨ ਕਰਦਿਆਂ ਰਾਜਪਾਲ ਨੇ ਕਿਹਾ ਕਿ ਅੱਜ ਦੀ ਦੁਨੀਆ ਨੂੰ ਯੁੱਧ ਦੀ ਨਹੀਂ, ਸਗੋਂ ਗੁਰੂਆਂ ਦੀਆਂ ਪਵਿੱਤਰ ਸਿੱਖਿਆਵਾਂ ਦੀ ਲੋੜ ਹੈ ਤੇ ਕੋਈ ਵੀ ਵੱਡਾ ਵਿਵਾਦ ਆਪਸੀ ਗੱਲਬਾਤ (ਸੰਵਾਦ) ਨਾਲ ਹੀ ਸੁਲਝਾਇਆ ਜਾ ਸਕਦਾ ਹੈ। ਰਾਜਪਾਲ ਕਟਾਰੀਆ ਨੇ ਆਪਣੇ 49 ਸਾਲਾਂ ਦੇ ਸਿਆਸੀ ਤਜਰਬੇ ਦਾ ਜ਼ਿਕਰ ਕਰਦਿਆਂ ਬਾਬਾ ਬਲਦੇਵ ਜੀ ਦੇ ਯਤਨਾਂ ਦੀ ਪੁਰਜ਼ੋਰ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਮਹਿਜ਼ ਦੋ ਸਾਲ ਅਤੇ ਦੋ ਦਿਨਾਂ ਦੇ ਘੱਟ ਸਮੇਂ ਵਿੱਚ ਭਾਰਤੀ ਸੰਸਕ੍ਰਿਤੀ ਅਤੇ ਗੁਰੂਆਂ ਦੇ ਵਿਚਾਰਾਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪਛਾਣ ਦਿਵਾਈ ਗਈ ਹੈ, ਜਿੱਥੇ ਦੁਨੀਆ ਭਰ ਦੇ ਲੋਕ ਮਾਨਵਤਾ ਤੇ ਪ੍ਰੇਮ 'ਤੇ ਚਰਚਾ ਕਰਨ ਲਈ ਇਕੱਠੇ ਹੋ ਰਹੇ ਹਨ। ਉਹਨਾਂ ਜ਼ੋਰ ਦਿੱਤਾ ਕਿ ਨਿਮਰਤਾ, ਦਇਆਲੂਤਾ ਅਤੇ ਪ੍ਰੇਮ ਹੀ ਇੱਕ ਬਿਹਤਰ ਸਮਾਜ ਦੀ ਬੁਨਿਆਦ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ 'ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ' ਦੇ ਮਹਾਨ ਸਿਧਾਂਤ ਦਾ ਹਵਾਲਾ ਦਿੰਦਿਆਂ ਰਾਜਪਾਲ ਨੇ ਲੋੜਵੰਦਾਂ ਦੀ ਮਦਦ ਕਰਨ ਦਾ ਸੱਦਾ ਦਿੱਤਾ। ਰੂਸ-ਯੂਕਰੇਨ ਯੁੱਧ ਅਤੇ ਵਿਸ਼ਵ ਦੇ ਹੋਰ ਹਿੱਸਿਆਂ ਵਿੱਚ ਹੋ ਰਹੀ ਹਿੰਸਾ 'ਤੇ ਚਿੰਤਾ ਪ੍ਰਗਟਾਉਂਦਿਆਂ ਉਹਨਾਂ ਕਿਹਾ ਕਿ ਇੱਕ-ਦੂਜੇ ਦੇ ਵਿਚਾਰਾਂ ਦਾ ਸਤਿਕਾਰ ਕਰਕੇ ਅਤੇ ਆਪਸੀ ਗੱਲਬਾਤ ਰਾਹੀਂ ਹੀ ਮਤਭੇਦ ਸੁਲਝਾਏ ਜਾ ਸਕਦੇ ਹਨ। ਕਿਸੇ ਨੂੰ ਵੀ ਸਿਰਫ਼ ਆਪਣੀ ਗੱਲ ਨੂੰ ਹੀ ਸਹੀ ਨਹੀਂ ਮੰਨਣਾ ਚਾਹੀਦਾ।

ਪੰਜਾਬ ਤੋਂ ਗ੍ਰਿਫ਼ਤਾਰ ਮੁਲਜ਼ਮਾਂ ਦੇ ਖੁਲਾਸੇ ਤੋਂ ਬਾਅਦ ਅਨੂਪਗੜ੍ਹ 'ਚੋਂ ਬਰਾਮਦ ਹੋਏ ਬੰਬ ਵਰਗੇ ਬਕਸੇ

ਕੌਮੀ ਪੜ੍ਹਿਕਾ

ਜੈਪੁਰ 22 ਨਵੰਬਰ। ਰਾਜਸਥਾਨ ਦੇ ਅਨੂਪਗੜ੍ਹ ਜ਼ਿਲ੍ਹੇ 'ਚ ਪੁਲਸ ਨੇ ਸੋਮਵਾਰ ਨੂੰ ਰੇਲਵੇ ਪਟੜੀ ਕੋਲ ਬੰਬ ਵਰਗੇ ਦਿਸਣ ਵਾਲੇ 2 ਸ਼ੱਕੀ ਬਕਸੇ ਬਰਾਮਦ ਕੀਤੇ। ਪੁਲਸ ਨੇ 3 ਨਵੰਬਰ ਨੂੰ ਰੇਲਵੇ ਟਰੈਕ 'ਤੇ ਹੋਏ ਵਿਸਫੋਟ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤੇ ਗਏ ਦੋ ਮੁਲਜ਼ਮਾਂ ਤੋਂ ਪੁੱਛਗਿੱਛ ਦੌਰਾਨ ਮਿਲੀ ਜਾਣਕਾਰੀ ਦੇ ਆਧਾਰ 'ਤੇ ਇਨ੍ਹਾਂ ਬਾਕਸ ਦਾ ਪਤਾ ਲਗਾਇਆ। ਪੁਲਸ ਅਧਿਕਾਰੀ ਨੇ ਦੱਸਿਆ ਕਿ ਇਹ ਸ਼ੱਕੀ ਬਕਸੇ ਰਾਮਸਿੰਘਪੁਰ-ਅਨੂਪਗੜ੍ਹ ਰੇਲਵੇ ਟਰੈਕ ਕੋਲ ਮਿਲੇ ਹਨ। ਇਲਾਕੇ ਨੂੰ ਘੇਰ ਲਿਆ ਗਿਆ ਹੈ ਅਤੇ ਬੰਬ ਨਿਰੋਧਕ ਦਸਤੇ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਪੁੱਛ-ਗਿੱਛ ਦੌਰਾਨ ਦੋਸ਼ੀਆਂ ਨੇ ਖੁਲਾਸਾ ਕੀਤਾ ਸੀ ਕਿ ਉਨ੍ਹਾਂ ਨੇ 12-13 ਅਕਤੂਬਰ ਨੂੰ ਇਲਾਕੇ 'ਚ ਬੰਬ ਵੀ ਲਗਾਏ ਸਨ। ਉਨ੍ਹਾਂ ਕਿਹਾ,ਦੋਸ਼ੀਆਂ ਨੇ ਪੁੱਛ-ਗਿੱਛ ਦੌਰਾਨ ਸਾਨੂੰ ਦੱਸਿਆ ਕਿ ਉਨ੍ਹਾਂ ਨੇ 12-13 ਅਕਤੂਬਰ ਨੂੰ ਬੰਬ ਵੀ ਲਗਾਏ ਸਨ। ਇਸ ਸੂਚਨਾ ਦੀ ਪੁਸ਼ਟੀ ਲਈ ਜਦੋਂ ਅਸੀਂ ਮੌਕੇ 'ਤੇ ਪਹੁੰਚੇ ਤਾਂ ਸਾਨੂੰ ਬੰਬ ਵਰਗੇ ਦਿੱਸਣ ਵਾਲੇ 2 ਸ਼ੱਕੀ ਬਾਕਸ ਮਿਲੇ।" ਅਧਿਕਾਰੀ ਨੇ ਦੱਸਿਆ ਕਿ ਇਲਾਕੇ 'ਚ ਜਨਤਕ



ਆਵਾਜਾਈ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਬੰਬ ਨਿਰੋਧੀ ਦਸਤੇ ਅਤੇ ਰੇਲਵੇ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਇਹ ਬਕਸੇ ਰੇਲਵੇ ਪਟੜੀ ਦੇ ਨੇੜੇ ਸਥਿਤ ਇਕ ਮਜ਼ਾਰ ਦੇ ਨੇੜੇ ਮਿਲੇ। ਪੁਲਸ ਬੰਬ ਨਿਰੋਧਕ ਦਸਤੇ ਦੀ ਜਾਂਚ ਰਿਪੋਰਟ ਦੀ ਉਡੀਕ ਕਰ ਰਹੀ ਹੈ। ਇਸ ਤੋਂ ਬਾਅਦ ਹੀ ਇਹ ਪਤਾ ਲੱਗੇਗਾ ਕਿ ਕੀ ਇਨ੍ਹਾਂ ਬਕਸਿਆਂ 'ਚ ਵਿਸਫੋਟਕ ਸਮੱਗਰੀ ਹੈ ਜਾਂ ਨਹੀਂ। ਇਹ ਘਟਨਾਕ੍ਰਮ ਰਾਜਸਥਾਨ ਪੁਲਸ ਵੱਲੋਂ ਐਤਵਾਰ ਨੂੰ ਰਾਮਸਿੰਘਪੁਰ ਥਾਣਾ ਖੇਤਰ 'ਚ ਰੇਲਵੇ ਟਰੈਕ 'ਤੇ 3 ਨਵੰਬਰ ਨੂੰ ਹੋਏ ਧਮਾਕੇ ਦੇ ਸਬੰਧ 'ਚ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਤੋਂ ਮਹਿਕਦੀਪ ਕੌਰ ਅਤੇ ਦੇਵੇਂਦਰ ਸਿੰਘ ਨੂੰ ਗ੍ਰਿਫ਼ਤਾਰ ਕਰਨ ਦੇ ਐਲਾਨ ਤੋਂ ਇਕ ਦਿਨ ਬਾਅਦ ਸਾਹਮਣੇ ਆਇਆ ਹੈ। ਦੋਵਾਂ ਮੁਲਜ਼ਮਾਂ ਨੂੰ 14 ਨਵੰਬਰ ਨੂੰ ਰਾਜਸਥਾਨ ਅੱਤਵਾਦ ਵਿਰੋਧੀ ਦਸਤੇ (ਏਟੀਐੱਸ), ਸ਼੍ਰੀਗੰਗਾਨਗਰ ਪੁਲਸ, ਪੰਜਾਬ ਕਾਊਂਟਰ ਇੰਟੈਲੀਜੈਂਸ ਅਤੇ ਗੁਰਦਾਸਪੁਰ ਪੁਲਸ ਦੁਆਰਾ ਇਕ ਸਾਂਝੇ ਆਪ੍ਰੇਸ਼ਨ ਦੌਰਾਨ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਸ ਦੇ ਅਨੁਸਾਰ, ਮੁੱਢਲੀ ਜਾਂਚ ਤੋਂ ਪਤਾ ਲੱਗਿਆ ਹੈ ਕਿ ਮੁਲਜ਼ਮ ਕਥਿਤ ਤੌਰ 'ਤੇ ਪਾਕਿਸਤਾਨ 'ਚ ਸਥਿਤ ਆਪਣੇ ਹੈਂਡਲਰ ਦੇ ਨਿਰਦੇਸ਼ਾਂ 'ਤੇ ਕੰਮ ਕਰ ਰਹੇ ਸਨ। ਜਾਂਚਕਰਤਾਵਾਂ ਨੇ ਪਹਿਲਾਂ ਰਿਪੋਰਟ ਦਿੱਤੀ ਸੀ ਕਿ ਮੁਲਜ਼ਮਾਂ ਨੇ 12-13 ਅਕਤੂਬਰ ਨੂੰ ਰੇਲਵੇ ਟਰੈਕ 'ਤੇ ਟਾਈਮਰ ਬੰਬ ਲਗਾਉਣ ਦੀ ਕੋਸ਼ਿਸ਼ ਕੀਤੀ ਸੀ, ਪਰ ਤਕਨੀਕੀ ਨੁਕਸ ਕਾਰਨ ਬੰਬ ਵਿਸਫੋਟ ਨਹੀਂ ਹੋ ਸਕਿਆ। ਪੁਲਸ ਦੇ ਅਨੁਸਾਰ, 3 ਨਵੰਬਰ ਦਾ ਧਮਾਕਾ ਕਥਿਤ ਤੌਰ 'ਤੇ ਪਾਕਿਸਤਾਨ 'ਚ ਸਥਿਤ ਇਕ ਹੈਂਡਲਰ ਦੁਆਰਾ ਪ੍ਰਦਾਨ ਕੀਤੇ ਗਏ ਦੂਜੇ ਟਾਈਮਰ ਬੰਬ ਨਾਲ ਹੋਇਆ ਸੀ। ਇਸ ਮਾਮਲੇ 'ਚ ਹੋਰ ਲੋਕਾਂ ਦੀ ਸ਼ਮੂਲੀਅਨ ਅਤੇ ਨੈੱਟਵਰਕ ਦੇ ਦਾਇਰੇ ਦਾ ਪਤਾ ਲਗਾਉਣ ਲਈ ਦੋਵਾਂ ਦੋਸ਼ੀਆਂ ਤੋਂ ਪੁੱਛ-ਗਿੱਛ ਕੀਤੀ ਜਾ ਰਹੀ ਹੈ।

ਪ੍ਰੇਮੀ ਨਾਲ ਵਿਆਹ ਕਰਾਉਣ ਦੀ ਜ਼ਿੱਦ 'ਤੇ ਅੜੀ ਕੁੜੀ ਮੋਬਾਈਲ ਟਾਵਰ 'ਤੇ ਚੜ੍ਹੀ, ਪਿੰਡ 'ਚ ਮਚੀ ਹਫੜਾ-ਦਫੜੀ

ਮਹਾਰਾਜਗੰਜ 22 ਨਵੰਬਰ। ਉੱਤਰ ਪ੍ਰਦੇਸ਼ ਦੇ ਮਹਾਰਾਜਗੰਜ ਜ਼ਿਲ੍ਹੇ ਦੇ ਨਿਚਲੌਲ ਥਾਣਾ ਖੇਤਰ ਦੇ ਬੈਠਵਾਲੀਆ ਪਿੰਡ ਵਿੱਚ ਐਤਵਾਰ ਨੂੰ ਇਸ ਸਮੇਂ ਹਫੜਾ-ਦਫੜੀ ਮਚ ਗਈ, ਜਦੋਂ ਪ੍ਰੇਮੀ ਨਾਲ ਵਿਆਹ ਕਰਾਉਣ ਦੀ ਜ਼ਿੱਦ 'ਤੇ ਅੜੀ ਇੱਕ ਕੁੜੀ ਮੋਬਾਈਲ ਟਾਵਰ 'ਤੇ ਚੜ੍ਹ ਗਈ। ਕੁੜੀ ਨੇ ਧਮਕੀ ਦਿੱਤੀ ਕਿ ਜੇਕਰ ਉਸਨੂੰ ਉਸਦੇ ਪ੍ਰੇਮੀ ਨਾਲ ਵਿਆਹ ਕਰਾਉਣ ਦੀ ਇਜਾਜ਼ਤ ਨਾ ਦਿੱਤੀ ਗਈ ਤਾਂ ਉਹ ਟਾਵਰ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਵੇਗੀ। ਉਸਦੀ ਧਮਕੀ ਨੇ ਮੌਕੇ 'ਤੇ ਮੌਜੂਦ ਲੋਕਾਂ ਨੂੰ ਹੈਰਾਨ ਕਰ ਦਿੱਤਾ। ਘਟਨਾ ਦੀ ਜਾਣਕਾਰੀ ਮਿਲਦੇ ਹੀ ਨੇੜਲੇ ਪਿੰਡਾਂ ਦੇ ਲੋਕਾਂ ਦੀ ਭੀੜ ਇਕੱਠੀ ਹੋ ਗਈ। ਪੁਲਸ ਮੌਕੇ 'ਤੇ ਪਹੁੰਚੀ ਅਤੇ ਪਰਿਵਾਰਕ ਮੈਂਬਰਾਂ ਦੀ ਮਦਦ ਨਾਲ ਕੁੜੀ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ। ਕਾਫ਼ੀ ਕੋਸ਼ਿਸ਼ਾਂ ਤੋਂ ਬਾਅਦ, ਕੁੜੀ ਟਾਵਰ ਤੋਂ ਹੇਠਾਂ ਉਤਰ ਗਈ। ਰਿਪੋਰਟਾਂ ਅਨੁਸਾਰ, ਕੁੜੀ ਦੇ ਪਿੰਡ ਤੋਂ ਲਗਭਗ 15 ਕਿਲੋਮੀਟਰ ਦੂਰ ਸ਼ੀਸ਼ਗੜ੍ਹ ਦੇ ਇੱਕ